ੴ ਸਤਿਗੁਰ ਪ੍ਰਸਾਦਿ ॥

# ਇੰਦਰਾ ਗਾਂਧੀ ਦੀ ਵੋਟ ਬੈਂਕ ਨੀਤੀ ਦੀ ਸਾਜਿਸ਼ ਦਾ ਸ਼ਿਕਾਰ ਸਿੱਖ ਜਗਤ

## ਆਜ਼ਾਦੀ ਤੋਂ ਬਾਦ ਸਿੱਖ ਸੰਗ੍ਰਾਮ

### ਮੁੱਖ ਟੀਚਾ

ਸਿਰਫ ਯੁਵਾ ਪੀੜੀ ਨੂੰ ਦੇਸ਼ ਦੀ ਆਜ਼ਾਦੀ ਤੋਂ ਬਾਦ ਦੇ ਸਿੱਖਾਂ ਨਾਲ ਹੋਏ ਘਲੂਘਾਰਿਆਂ ਦੇ ਸੰਘਰਸ਼ ਦਾ ਬੋਧ ਕਰਾਣਾ ਹੈ।

**www.sikhworld.info**

Donation : A/c HDFC : IFSC 0000450 04501570003814

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲੇਖਕ: ਜਸਬੀਰ ਸਿੰਘ Ph. : (0172-2696891), 09988160484

Type Setting : Radheshyam Choudhary Mob. 09814966882

Guru's : Sahidi, Hindi Booklet, Punjabi Booklet, English Booklet, Life Style, Mitra Mandali, Gurbani Ukakashari & Gurbani Selected Tukan

Download Free

# ਭੂਮਿਕਾ

ਪਿਆਰੇ ਪਾਠਕੋਂ ਸਾਡਾ ਮੁਖ ਟੀਚਾ ਸਿਰਫ ਸਿੱਖ ਯੁਵਾ ਪੀੜੀ ਨੂੰ ਆਜ਼ਾਦੀ ਤੋਂ ਬਾਦ ਸਿੱਖ ਸੰਘ੍ਰਸ਼ (ਘੋਲ) ਦੇ ਆਪਣੇ ਇਤਿਹਾਸ ਤੋਂ ਜਾਣੂ ਕਰਾਉਣਾਂ ਹੀ ਹੈ। ਕਿਉਂਕਿ ਸਾਡੀ ਯੁਵਾ ਪੀੜੀ ਦੇਸ਼ ਦੀ ਵੰਡ ਦਾ ਕਾਰਣ ਅਤੇ ਉਸ ਵਿੱਚ ਹੋਇਆ ਜਾਨੀ-ਮਾਲੀ ਨੁਕਸਾਨ ਤੋਂ ਅਣਜਾਣ ਹੈ ਜਦੋਂ ਕਿ ਅਜ਼ਾਦੀ ਦੇ ਘੋਲ ਵਿਚ ਅਸਾਂ 80% ਕੁਰਬਾਨੀਆਂ ਦਿਤੀਆਂ ਸਨ ਜਦ ਕਿ ਉਸ ਸਮੇਂ ਭਾਰਤ ਦੀ ਆਬਾਦੀ ਵਿਚ ਸਿੱਖ ਸਿਰਫ 2% ਸਨ। ਇਸ ਲਈ ਦੁਸ਼ਮਣ ਉਨ੍ਹਾਂ ਨੂੰ ਭਰਮ-ਭੁਲੇਖੇ ਵਿਚ ਪਾ ਕੇ ਗੁਮਰਾਹ ਕਰਦਾ ਚਲਾ ਆਇਆ ਹੈ, ਜੋਕਿ ਪੰਥ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ।

ਮੇਰਾ ਮੰਨਣਾ ਹੈ ਜੇਕਰ ਅਸੀਂ ਆਪਣੀ ਯੁਵਾ ਪੀੜੀ ਨੂੰ ਅਪਣੀਆਂ ਕੁਰਬਾਨੀਆਂ ਦੇ ਇਤਿਹਾਸ ਤੋਂ ਅਵਗਤ ਕਰਵਾ ਦੇਈਏ ਤਾਂ ਉਨ੍ਹਾਂ ਵਿਚ ਜਾਗ੍ਰਤੀ ਆ ਜਾਵੇਗੀ ਅਤੇ ਫਿਰ ਉਹ ਕਦੀ ਵੀ ਗ਼ਫ਼ਲਤ ਦੀ ਨੀਂਦ ਵਿਚ ਸੌਣ ਦੀ ਲਾਪਰਵਾਹੀ ਨਹੀਂ ਕਰਣਗੇ।

**ਜੇ ਜੀਵੈ ਪਤਿ ਲਥੀ ਜਾਇ॥**

**ਸਭੁ ਹਰਾਮੁ ਜੇਤਾ ਕਿਛੁ ਖਾਇ॥ ਮ: ੧ ਅੰਗ 142**

ਜਿਸ ਤਰ੍ਹਾਂ ਕਿ ਤੁਸੀ ਜਾਣਦੇ ਹੀ ਹੋ ਕਿ ਸਾਨੂੰ ਆਪਣੇ ਹੀ ਪੰਜਾਬ ਪ੍ਰਾਂਤ ਵਿਚ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਨੂੰ ਲਾਗੂ ਕਰਵਾਉਣ ਲਈ ਕਈ ਮੋਰਚੇ ਲਾਉਣੇ ਪਏ ਸਨ। ਅਖੀਰ ਹਾਰ ਕੇ ਸਾਨੂੰ ਪੰਜਾਬ ਤੇ ਪੰਜਾਬੀ ਕਲਚਰ ਨੂੰ ਜਿਊਂਦਾ ਰਖਣ ਲਈ ਪੰਜਾਬ ਨੂੰ ਵੰਡਣ ਲਈ ਮੁੜ-ਮੁੜ ਮੋਰਚੇ ਲਾਉਣੇ ਪਏ ਜਦੋਂ ਪੰਜਾਬ ਦੀ ਵੰਡ ਹੋਈ ਤਾਂ ਦੁਸ਼ਮਣ ਧਿਰ ਨੇ ਉਸ ਵਿਚ ਬੰਦਰ ਵੰਡ ਦੀ ਨੀਤਿ ਨਾਲ ਸੇਧ ਲਗਾ ਲਈ। ਇਸ ਪ੍ਰਕਾਰ ਸਾਨੂੰ ਮੁੜ ਆਪਣੀ ਰਾਜਧਾਨੀ ਅਤੇ ਦਰਿਆਵਾਂ ਦੇ ਪਾਣੀ ਤੇ ਹੱਕ ਦੁਸਾਉਣੇ ਲਈ ਆਨੰਦਪੁਰ ਦਾ ਮੱਤਾ ਪਾਸ ਕਰਣਾ ਪੈ ਗਿਆ।

ਇਹ ਆਨੰਦਪੁਰ ਦਾ ਮਤਾ ਸਾਰੇ ਦੇਸ਼ ਦੇ ਦੂਜਿਆਂ ਸੂਬਿਆਂ ਦੇ ਲਈ ਵੀ ਹਿਤਕਾਰੀ ਸੀ। ਇਸ ਵਿਚ ਸਾਰੇ ਸੂਬਿਆਂ ਨੂੰ ਵੱਧ ਹੱਕ ਦੇਣ ਲਈ ਸਿਫਾਰਿਸ਼ ਕੀਤੀ ਗਈ ਸੀ।

ਸਾਰੇ ਵਿਰੋਧੀ ਦਲਾਂ ਨੇ ਵੀ ਸਵੀਕਾਰ ਕੀਤਾ ਸੀ ਕਿ ਆਨੰਦਪੁਰ ਦਾ ਮਤਾ ਦੇਸ਼ ਦੇ ਸੰਵਿਧਾਨ ਦੇ ਦਾਇਰੇ ਅੰਦਰ ਹੀ ਹੈ। ਪਰ ਸਾਨੂੰ ਵਖਵਾਦੀ ਅਤੇ ਉਗਰਵਾਦੀ ਕਹਿ ਕੇ ਬਾਰ-ਬਾਰ ਭੰਡਿਆ ਗਇਆ ਅਤੇ ਕੁਟਿਆ ਗਇਆ ਜਿਸ ਦੇ ਨਤੀਜੇ ਵਜੋਂ ਸ਼੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਨੇ ਹਮਲਾਵਰ ਹੋ ਕੇ ਸੱਚ ਨੂੰ ਸਦਾ ਲਈ ਦਫ਼ਨ ਕਰਣ ਦੀ ਨਾਕਾਮ ਕੋਸ਼ੀਸ਼ ਕੀਤੀ। ਪਰ ਸੱਚ ਨੂੰ ਦਫ਼ਨ ਕਰਨ ਵਾਲੇ ਖੁਦ ਹੀ ਦਫ਼ਨ ਹੋ ਗਏ।

**ਜਿਸ ਤਰ੍ਹਾਂ ਕਿ ਤੁਸੀ ਵੇਖ ਰਹੇ ਹੋ ਪੰਥ ਮੁੜ ਚੜਦੀ ਕਲ੍ਹਾਂ ਵਿਚ ਵਿਚਰ ਰਿਹਾ ਹੈ।**

# ਭਾਰਤ ਦੀ ਵੰਡ

ਬ੍ਰਿਟਿਸ਼ ਸਰਕਾਰ ਨੇ ਭਾਰਤ ਦੀ ਵੰਡ ਲਈ ਨਵੇਂ ਵਾਇਸਰਾਏ (ਗਵਰਨਰ ਜਨਰਲ) ਮਾਉਂਟਬੈਟਨ ਨੂੰ 24 ਮਾਰਚ 1947 ਨੂੰ ਨਿਯੁਕਤ ਕਰ ਦਿਤਾ। ਇਸ ਕੰਮ ਲਈ ਬ੍ਰਿਟੀਸ਼ ਸਰਕਾਰ ਨੇ ਪਹਿਲਾ ਤੋਂ ਹੀ ਇਕ 'ਕੈਬਨਿਟ ਮਿਸ਼ਨ' ਨਾਂ ਦੀ ਟੀਮ ਨੂੰ ਭਾਰਤ ਦੀ ਵੰਡ ਦਾ ਕੰਮ ਸੋਪਿਆ ਹੋਇਆ ਸੀ। ਜਿਨ੍ਹਾਂ ਨੇ ਸਾਰੇ ਸੰਬੰਧਿਤ ਧਿਰਾਂ ਅਤੇ ਸਾਰੀ ਮਰਦਮਸ਼ੁਮਾਰੀ ਨੂੰ ਅਧਾਰ ਬਣਾ ਕੇ ਵੰਡ ਕਰਣੀ ਸੀ। ਉਨ੍ਹਾਂ ਨੇ ਹਰਪ੍ਰਕਾਰ ਦੇ ਸ੍ਰਵੇਖਣ ਕੀਤੇ ਅਤੇ ਸਾਰੇ ਆਂਕੜੇ ਇਕੱਠੇ ਕਰ ਕੇ ਆਪਣੇ ਆਕਾ ਨੂੰ ਦਿਤੇ। ਪਰ ਇਸ ਸਮੇਂ ਵਿਚ ਆਕਾ ਨੂੰ ਗੁਮਰਾਹ ਕੀਤਾ ਜਾ ਚੁਕਾ ਸੀ। ਉਸ ਨੇ ਸੱਚਾਈ ਨੂੰ ਤਾਕ ਤੇ ਰੱਖ ਦਿਤਾ ਅਤੇ ਨਿਆਂ-ਇਨਸਾਫ ਨੂੰ ਖਾ ਗਿਆ। ਇਸ ਦਾ ਗੁਪਤਰਾਜ਼ ਇਸ ਪ੍ਰਕਾਰ ਹੈ -ਜਦੋਂ ਮਾਉਂਟ ਬੈਟਨ ਵਿਭਾਜਨ ਦੇ ਪੁਰਨ ਹੱਕ ਲੈਕੇ ਭਾਰਤ ਪਹੁੰਚਿਆ ਤਾਂ ਉਸ ਸਮੇਂ ਚਤੁਰ ਜਵਾਹਰ ਲਾਲ ਨਹਿਰੂ ਨੇ ਮਾਉਂਟ ਬੈਟਨ ਨਾਲ ਦੋਸਤੀ ਦੇ ਨਾਲ-ਨਾਲ ਘਰੇਲੂ ਸੰਬੰਧ ਵੀ ਬਣਾ ਲਏ। ਉਸ ਨੂੰ ਪਤਾ ਲਗ ਗਿਆ ਸੀ ਕਿ ਇਹ ਅੰਗ੍ਰੇਜ਼ ਰੰਗੀਨ ਮਿਜ਼ਾਜ ਦਾ ਮਨ ਚਲਾ ਮਨੁਖ ਹੈ ਬਸ ਫਿਰ ਕੀ ਸੀ। ਉਸ ਨੇ ਆਪਣੇ ਨਾਲ ਅਪਣੀ ਵਿਵਾਹਿਤ ਪੁਤਰੀ ਸ੍ਰੀ ਮਤਿ ਇੰਦ੍ਰਾ ਗਾਂਧੀ ਨੂੰ ਵੀ ਨਾਲ ਰਖਣਾ ਸ਼ੁਰੂ ਕਰ ਦਿਤਾ ਜਿਸ ਦਾ ਇਕ ਪੁਤਰ ਵੀ ਸੀ। ਜਦੋਂ ਅੰਗ੍ਰੇਜ਼ ਦੀ ਨਜ਼ਰ ਉਸ ਤੇ ਪਈ ਤਾਂ ਉਹ ਅਪਣਾ ਮੁਖ ਟੀਚਾ ਭੁਲ ਗਿਆ। ਦੂਸਰੀ ਤਰਫ ਲੇਡੀ ਮਾਉਂਟ ਬੈਟਨ ਵੀ ਅਪਣੇ ਇਸ਼ਕ ਮਿਜ਼ਾਜੀ ਦੇ ਕਾਰਨ ਜਵਾਹਰ ਲਾਲ ਨਹਿਰੂ ਦੇ ਸੰਪਰਕ ਵਿਚ ਆ ਗਈ। ਹੁਣ ਨਹਿਰੂ ਦੇ ਲਈ ਕਾਮਯਾਬੀ ਦੇ ਦਰਵਾਜ਼ੇ ਖੁਲ ਗਏ ਸਨ। ਉਸਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਤੀਸਰੀ ਕੌਮ (ਧਿਰ) ਦੇ ਦਰਜੇ ਤੋਂ ਖਾਰਿਜ ਕਰਵਾਇਆ। ਹੁਣ ਮਾਂਉਟ ਬੈਟਨ ਨੂੰ ਭਾਰਤ ਦੇ ਸਿਰਫ ਦੋ ਹੀ ਹਿਸੇ ਕਰਣੇ ਸਨ। ਜਦੋਂ ਕਿ ਸਿੱਖਾਂ ਨੇ ਉਸ ਦੇ ਕੈਬਨਿਟ ਮਿਸ਼ਨ ਦੇ ਸਾਹਮਣੇ ਬਹੁਤ ਹੀ ਵਿਸਤਾਰ ਨਾਲ ਆਪਣਾਂ ਪੱਖ ਰਖਿਆ ਅਤੇ ਮਾਉਂਟ ਬੈਟਨ ਨਾਲ ਵੀ ਮਿਲੇ ਪਰ ਉਹ ਨਹਿਰੂ ਦੇ ਬਿਛਾਏ ਜਾਲ ਵਿਚ ਫਸ ਕੇ ਕੁਝ ਸੁਣਨ ਨੂੰ ਤਿਆਰ ਹੀ ਨਹੀਂ ਸੀ। ਇਸ ਪ੍ਰਕਾਰ ਇਨ੍ਹਾਂ ਪ੍ਰੇਮ ਸਬੰਧਾ ਨੇ ਸਿੱਖਾਂ ਨੂੰ ਲੰਬੇ ਸਮੇਂ ਦੇ ਲਈ ਗੁਲਾਮਾਂ ਦਾ ਗੁਲਾਮ ਬਣਾ ਦਿਤਾ।

ਇੰਦਰਾ ਗਾਂਧੀ ਦੀ ਮਾਉਂਟ ਬੈਟਨ ਨਾਲ ਗੂੜ੍ਹੀ ਦੋਸਤੀ ਵੇਖ ਕੇ ਉਸਦੇ ਪਤੀ ਫਿਰੋਜ਼ ਗਾਂਧੀ ਨੇ ਬਹੁਤ ਇਤਰਾਜ਼ ਕੀਤਾ ਅਤੇ ਲਾਂਛਨ ਵੀ ਲੱਗਾਇਆ ਕਿ ਇਹ ਦੂਸਰਾ ਮੁੰਡਾ ਉਸ ਦਾ ਨਹੀਂ ਹੈ ਇਸ ਦੇ ਨਾਲ ਹੀ ਵਿਵਾਹਿਤ ਸੰਬੰਧ ਵੀ ਤੋੜ ਲਏ।

ਇੰਦਰਾ ਦੀ ਭੁਆ ਵਿਜੈ ਲਕਸਮੀ ਨੇ ਉਸ ਤੋਂ ਪੁਛਿਆ ਕਿ ਤੇਰੇ ਸੰਬੰਧ ਪਤੀ ਤੋਂ ਅਡ ਹੋ ਗਏ ਹਨ। ਹੁਣ ਤੇਰਾ ਭਵਿਖ ਅੰਧਕਾਰ ਵਿਚ ਹੈ। ਹੁਣ ਕੀ ਕਰੇਂਗੀ? ਇਸ ਤੇ ਇੰਦਰਾ ਨੇ ਉੱਤਰ ਦਿਤਾ-ਭੂਆ ਜੀ ਕੁਝ ਪ੍ਰਾਪਤ ਕਰਣ ਲਈ ਕੁਝ ਗੁਵਾਉਂਣਾ ਵੀ ਪੈਂਦਾ ਹੈ!

## ਖਾਲਸੇ ਦਾ ਕਰਤਬ

ਸਿੱਖ ਪੱਥ ਦੇ ਨਿਆਰੇ ਸਰੂਪ ਨੂੰ ਜਿਥੇ ਸੰਸਾਰ ਵਿਚ, ਮਨੁਖੀ ਸਮਾਜ ਦਾ ਸਰਦਾਰ ਮਨਿਆ ਗਿਆ ਹੈ, ਉੱਥੇ ਇਸੀ ਨਿਆਰੇ ਪਨ ਦੇ ਕਾਰਣ ਕੁਝ ਈਰਖਾਲੂ ਲੋਕ ਉਨ੍ਹਾਂ ਨੂੰ ਦੁਸ਼ਮਣ ਰੂਪ ਵਿਚ ਵੀ ਦੇਖਦੇ ਰਹਿੰਦੇ ਹਨ। ਕਿਉਂਕਿ ਸਿੱਖ ਪੰਥ ਦੀ ਸਿਰਜਨਾ ਸੰਤ-ਸਿਪਾਹੀ ਦੇ ਰੂਪ ਵਿੱਚ ਕੀਤੀ ਗਈ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਪਸ਼ਟ ਸ਼ਬਦਾਂ ਵਿਚ ਖਾਲਸਾ ਪੰਥ ਦਾ ਮੁਖ ਟੀਚਾ ਮਿਥਦੇ ਹੋਏ ਕਹਿਆ ਸੀ,

**'ਖਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ'।**

ਭਾਵਾਰਥ ਇਹ ਕਿ - ਮੇਰੇ ਅਨੁੰਆਈ ਸੱਚ ਦੇ ਮਾਰਗ ਦੇ ਚਲਣੇ ਵਾਲੇ ਸ੍ਰੇਸ਼ਟ ਮਾਨਵ ਹੋਣਗੇ। ਜੋ ਦੀਨ-ਦੁਖੀ ਅਤੇ ਕਮਜੋਰ ਵਰਗ ਦੇ ਹਿਤਾਂ ਦੀ ਰਾਖੀ ਹਿਤ ਨਿਰਸਵਾਰਥ ਸੇਵਾ ਭਾਵ ਨਾਲ ਕੰਮ ਕਰਣਗੇ, ਭਲੇ ਹੀ ਇਸ ਕੰਮ ਵਿਚ ਉਨ੍ਹਾਂ ਨੂੰ ਆਪਣੇ ਪ੍ਰਾਣਾਂ ਦੀ ਕੁਰਬਾਨੀ ਵੀ ਕਿਉਂ ਨ ਦੇਣੀ ਪਏ।

ਗੁਰੂਜੀ ਨੇ ਇਹ ਗੱਲ ਖੁਦ ਆਪਣੇ ਲਈ ਵੀ ਕਹੀ ਕਿ ਉਨ੍ਹਾਂ ਦਾ ਸੰਸਾਰ ਵਿਚ ਪ੍ਰਗਟ ਹੋਣ ਦਾ ਇਕ ਖਾਸ ਮਕਸਦ ਸੀ। **'ਧਰਮ ਚਲਾਵਨ, ਸੰਤ ਉਭਾਰਨ, ਦੁਸ਼ਟ ਦੋਖੀਅਣ ਪਕੜ ਪਛਾੜਨ'**

ਇਸੀ ਗਲ ਨੂੰ ਦ੍ਰਿੜ ਕਰਵਾਉਂਣ ਦੇ ਲਈ ਉਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਪ੍ਰਭੂ ਚਰਣਾਂ ਵਿਚ ਸਦਾ ਇਕ ਖਾਸ ਬੇਨਤੀ ਕਰਣ ਨੂੰ ਕਿਹਾ **'ਦੇਹ ਸ਼ਿਵਾ ਬਰ ਮੋਹਿ ਇਹਿ, 'ਸ਼ੁਭ ਕਰਮਣ ਤੇ ਕਬਹੂ ਨ ਟਰੂੰ।......... ਜਬ ਆਵ ਕੀ ਔਧ ਨਿਧਾਨ ਬਣੈ, ਤਬ' ਅਤਿ ਹੀ ਰਣ ਮੇਂ ਜੂੰਝ ਮਰੂ'** ਇਸ ਦਾ ਸਿੱਧਾ ਅਰਥ ਇਹ ਹੋਇਆ ਅਗਰ ਤੁਸੀ ਮੇਰੇ ਸੇਵਕ ਹੋ ਅਤੇ ਸੰਤ-ਸਿਪਾਹੀ ਦੇ ਬਾਣੇ ਵਿਚ ਵਿਚਰਣ ਕਰ ਰਏ ਹੋ ਤਾਂ ਸਬ ਤੋਂ ਪਹਿਲਾਂ ਤੁਹਾਡਾ ਫਰਜ਼ ਬਣਦਾ ਹੈ, ਕਿ ਸਮਾਜ ਦੇ ਕਿਸੀ ਵੀ ਕਮਜ਼ੋਰ ਵਰਗ ਦੇ ਨਾਲ ਜੇਕਰ ਕੋਈ ਧੱਕਾ ਕਰਦਾ ਹੈ ਤਾਂ ਤੁਸੀ ਉਸ ਦੇ ਵਿਰੁਧ ਉਸੀ ਛਿਨ ਡਟ ਜਾਓ ਅਤੇ ਸੱਚ ਤੇ ਪਹਿਰਾ ਦਿੰਦੇ ਹੋਏ ਦੀਨ-ਦੁਨੀਆ ਦੀ ਰਖਿਆ ਕਰੋ। ਇਹ ਸਬ ਕੁਝ ਤਾਂ ਅਸਮਾਜਿਕ ਲੋਕਾਂ ਤੇ ਅੰਕੁਸ਼ ਲਗਾਣਾ ਹੋਇਆ। ਇਹੋ ਜਹੇ ਕਾਰਜ ਕਰਣੇ ਵਾਲਾ ਇਕ 'ਪੁਲਿਸ ਮੈਨ' ਭਾਵਾਰਥ ਨਿਸ਼ਕਾਮ ਜਨਤਾ ਦਾ ਸੇਵਕ ਅਰਥਾਤ ਸਮਾਜ ਦੇ ਆਵਾਂਛਿਤ ਤੱਤਾ ਦਾ ਦੁਸ਼ਮਨ, ਸੁਆਭਾਵਿਕ ਹੀ ਉਹ ਬਣ ਗਿਆ। ਦੁਸ਼ਟ ਸੁਭਾ ਦੇ ਲੋਕਾਂ ਦੀ ਅੱਖਾਂ ਵਿਚ ਖਾਲਸਾ ਰੜਕੇਗਾ ਹੀ। ਉਹ ਆਪਣੇ ਕੰਮਾਂ ਦੀ ਸਫਲਤਾ ਵਿਚ ਖਾਲਸੇ ਨੂੰ ਰੋੜਾ ਸਮਝਦੇ ਰਹਿਣਗੇ। ਐਸੀ ਅਵਸਥਾ ਵਿਚ ਇਕ-ਦੂਸਰੇ ਦੀ ਹੋਂਦ ਦੇ ਲਈ ਟੱਕਰਾਵ ਸਦਾ ਲਈ ਬਣੀਆ ਹੀ ਰਹੇਗਾ।

ਕੁਝ ਵਿਦਵਾਨਾਂ ਦਾ ਮਤ ਹੈ ਕਿ ਲੜਾਈ ਦੇ ਸਿਰਫ ਤਿਨ ਹੀ ਕਾਰਣ ਹੁੰਦੇ ਹਨ ਜ਼ਰ, ਜ਼ੋਰੂ, ਅਤੇ ਜ਼ਮੀਨ। ਚੌਥਾ ਕਾਰਣ ਨਹੀਂ ਹੁੰਦਾ ਪਰ ਸਿੱਖ ਗੁਰੂ ਜਿਨ੍ਹਾਂ ਨੇ ਇਨ੍ਹਾਂ ਤਿਨ੍ਹਾਂ ਵਿਚੋਂ ਕਿਸੀ ਵੀ ਕਾਰਣ ਦੇ ਲਈ ਕੋਈ ਵੀ ਯੁੱਧ ਨਹੀਂ ਲੜਿਆ ਉਨ੍ਹਾਂ ਨੇ ਤਾਂ ਚੋਥੇ ਕਾਰਣ ਲਈ ਧਰਮ ਯੁੱਧ ਲੜੇ ਸਨ ਅਰਥਾਤ ਪਰਹਿਤਾਂ ਦੇ ਲਈ ਨਿਸ਼ਕਾਮ, ਸਿਰਫ ਸੇਵਾ ਭਾਵ ਨਾਲ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇ ਕੇ ਬਿਨਾਂ ਕਾਰਣ ਹਕੂਮਤ ਨਾਲ ਦੁਸ਼ਮਣੀ ਮੁਲ ਲੈ ਲਈ। ਬਸ ਇਹ ਹੀ ਟਕਰਾਵ ਸੱਤਾਧਾਰੀਆਂ ਨਾਲ ਲਗਭਗ ਅਗਲੀ ਇਕ ਸੱਦੀ ਤਕ ਚਲਦਾ ਰਿਹਾ। ਅਗਰ ਧਿਆਨ ਨਾਲ ਵੇਖਿਆ ਜਾਵੇ ਤਾਂ ਸਿੱਖ ਧਰਮ ਦੇ ਸਿਧਾਂਤ ਮੂਲ ਰੂਪ ਵਿਚ ਇਸਲਾਮ ਧਰਮ ਨਾਲ ਬਹੁਤ ਮਿਲਦੇ ਜੁਲਦੇ ਹਨ। ਜਿਸ ਤਰ੍ਹਾਂ ਉਹ ਲੋਕ ਇਕ ਈਸ਼ਵਰ ਵਾਦ ਵਿਚ ਵਿਸ਼ਵਾਸ ਰਖਦੇ ਹਨ ਅਤੇ ਮੂਰਤੀ ਪੂਜਾ, ਦੇਵੀ ਦੇਵਤਿਆਂ ਨੂੰ ਨਹੀਂ ਮਨਦੇ। ਇਸ ਦੇ ਨਾਲ ਹੀ ਪ੍ਰਮਾਤਮਾਂ ਨੂੰ ਸਰਵ ਕਾਲੀਨ, ਸਰਵ

ਵਿਆਪਕ, ਸਰਵ ਕਲਾਂ ਸਮਰਥ ਆਦਿ ਮਨਦੇ ਹਨ। ਇਹ ਹੀ ਮੂਲ ਸਿਧਾਂਤ ਸਿੱਖ ਧਰਮ ਦੇ ਵੀ ਮੂਲ ਸਿਧਾਂਤ ਹਨ। ਫਿਰ ਟਕਰਾਵ ਕਿਸ ਗਲ ਤੇ ਸੀ? ਇੱਥੇ ਹੀ ਬਸ ਨਹੀਂ ਸਰੂਪ ਵਿਚ ਵੀ ਲਗਭਗ ਸਮਾਨਤਾ ਹੈ। ਉਹ ਵੀ ਪਗੜੀ ਬਨ੍ਹਣ ਵਾਲੇ ਨੂੰ ਸਤਿਕਾਰ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਖੁਦ ਵੀ ਪਗੜੀ ਬਨਦੇ ਹਨ ਅਤੇ ਦਾੜੀ ਰਖਦੇ ਹਨ ਅਤੇ ਸ਼ਰਾਬ ਦੀ ਵਰਤੋਂ ਦਾ ਸਖ਼ਤ ਇਤਰਾਜ ਕਰਦੇ ਹਨ। ਹੱਕ (ਹਲਾਲ) ਦੀ ਕਮਾਈ ਦੀ ਵਕਾਲਤ ਕਰਦੇ ਹਨ। ਫਿਰ ਕਿਸ ਗਲ ਤੇ ਇਕ ਦੂਸਰੇ ਦੇ ਦੁਸ਼ਮਣ ਬਣ ਬੈਠੇ ਹਨ। ਉੱਤਰ ਹੈ ਸਿੱਖ ਦੀਨ ਦੁਖੀਆਂ ਦੀ ਰਾਖੀ ਲਈ ਬਿਨਾਂ ਕਿਸੇ ਡਰ ਆਪਣੇ ਤੋਂ ਕਈ ਗੁਣਾਂ ਤਾਕਤਵਰ ਦੁਸ਼ਟ ਨਾਲ ਲੋਹਾ ਲੈਣ ਨੂੰ ਤਿਆਰ ਹੋ ਜਾਂਦੇ ਹਨ!

ਇਹ ਸ਼ਰੇਸ਼ਟ ਕੰਮ ਦੁਸ਼ਟ ਲੋਕਾਂ ਨੂੰ ਨਹੀਂ ਚੰਗਾ ਲਗਦਾ, ਉਹ ਖਾਲਸਾ ਦੇ ਨਿਆਰੇ ਸਰੂਪ ਨੂੰ ਹੀ ਆਪਣਾ ਦੁਸ਼ਮਣ ਸਮਝਣ ਲਗ ਜਾਂਦੇ ਹਨ ਕਿਉਂ ਕਿ ਖਾਲਸਾ ਪੰਥ ਦੇ ਰਹਿੰਦੇ ਹੋਇਆਂ ਉਨ੍ਹਾਂ ਦੇ ਦੁਸ਼ਟੀ ਭਰੇ ਸੁਆਰਥ ਸਿੱਧੀ ਦੇ ਕੰਮ ਸਫਲ ਨਹੀਂ ਹੋ ਸਕਦੇ।

## ਮਾਹਤਮਾ ਗਾਂਧੀ ਅਤੇ ਸਿੱਖ

ਖਾਲਸੇ ਦੇ ਨਿਆਰੇ ਸਰੂਪ ਦੇ ਸ਼ੁਭ ਗੁਣਾਂ ਦੇ ਕਾਰਣ ਕੁਝ ਈਰਖਾਲੂ ਲੋਕ ਜੋਕਿ ਉਨ੍ਹਾਂ ਦੀ ਉਸਤਤਿ ਯਾ ਕੀਰਤੀ ਸਹਨ ਨਹੀਂ ਕਰ ਸਕਦੇ ਸਨ, ਉਹ ਵੀ ਸਦਾ ਖਾਲਸੇ ਦੇ ਦੁਸ਼ਮਣ ਰੂਪ ਵਿਚ ਉਬਰੇ ਹਨ। ਇਨ੍ਹਾਂ ਵਿਚ ਖਾਸ ਰੂਪ ਵਿਚ ਮੋਹਨ ਲਾਲ ਕਰਮਚੰਦ ਗਾਂਧੀ ਨੇ ਵੀ ਮੁਖ ਭੂਮਿਕਾ ਨਿਭਾਈ ਹੈ। ਗਾਂਧੀ ਖੁਦ ਬੁਜ਼ਦਿਲ (ਕਾਇਰ) ਮਨੁੰਖ ਸੀ। ਉਸ ਪਾਸੋ ਸਿਖਾਂ ਦੀ ਵੀਰਤਾ ਦੇ ਕਿੱਸੇ ਅਤੇ ਜਸ ਸੁਣਿਆ ਨਹੀਂ ਸੀ ਜਾਂਦਾ। ਵੇਸੈ ਉਹ ਸਭ ਨੂੰ ਅਹਿੰਸਾ ਦਾ ਪਾਠ ਪੜ੍ਹਾਉਂਦਾ ਰਹਿੰਦਾ ਸੀ। ਜਦੋਂ ਸਿੱਖਾਂ ਨੇ ਅਕਾਲੀ ਲਹਿਰ ਵਿਚ ਅਹਿਸਕ ਆਂਦੋਲਨ ਨਾਲ ਅੰਗ੍ਰੇਜ਼ਾਂ ਦੇ ਹੋਸ਼ ਉਡਾ ਦਿਤੇ ਤਾਂ ਗਾਂਧੀ ਈਰਖਾ ਨਾਲ ਪਾਗਲ ਹੋ ਗਿਆ ਕਿਉਂਕਿ ਉਸ ਦੇ ਸਾਰੇ ਅਹਿੰਸਕ ਆਂਦੋਲਨ ਬੁਰੀ ਤਰ੍ਹਾਂ ਫੇਲ ਹੁੰਦੇ ਰਹੇ ਸਨ। (ਇਸ ਲਈ ਉਸ ਨੂੰ ਸਿੱਖਾਂ ਦੇ ਨਿਆਰੇ ਸਰੂਪ ਅਤੇ ਨਿਆਰੇ ਬਾਣੇ (ਪੌਸ਼ਾਕ) ਤੋਂ ਹੀ ਚਿੜ੍ਹ ਹੋ ਗਈ ਸੀ। ਉਹ ਚਾਹੁੰਦਾ ਸੀ ਕਿ ਸਿੱਖ ਅਪਣੀ ਨਿਆਰੀ ਹੋਂਦ ਨੂੰ ਮਿਟਾ ਸੁਟਣ।

ਇਸ ਗਲ ਨੂੰ ਸਮਝਣ ਦੇ ਲਈ ਅਸੀ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਵਲੋਂ ਬਾਰ-ਬਾਰ ਕਹੇ ਜਾਣ ਵਾਲਾ ਇਕ ਵਾਕ ਦੇ ਅਰਥਾਂ ਨੂੰ ਜਾਣਨ ਦੀ ਕੋਸ਼ੀਸ਼ ਕਰਾਗੇ ਕਿ - "ਖਾਲਸਾ ਪੰਥ ਖਤਰੇ ਵਿੱਚ ਹੈ"।

ਇਕ ਦਿਨ ਮਾਸਟਰ ਤਾਰਾ ਸਿੰਘ ਜੀ ਪਾਸੋਂ ਉਨ੍ਹਾਂ ਦੇ ਇਕ ਨਿਕਟ ਵਰਤੀ ਸਹਿਯੋਗੀ ਮਿਤ੍ਰ ਨੇ ਪੁਛਿਆ-ਮਾਸਟਰ ਜੀ ! ਕਦੇ ਖਾਲਸਾ ਪੰਥ ਤੋਂ ਖਤਰਾ ਟਲੇਗਾ ਕਿ ਨਹੀਂ? ਉੱਤਰ ਵਿਚ ਉਹ ਬੋਲੇ ਜੋ ਵਸਤੁ ਕੀਮਤੀ ਅਤੇ ਸ਼ੁੱਧ ਹੁੰਦੀ ਹੈ। ਉਸ ਤੇ ਸਦਾ ਖ਼ਤਰਾ ਬਣਿਆਂ ਹੀ ਰਹਿੰਦਾ ਹੈ । ਜਿਵੇਂ-ਸੋਨਾ, ਹੀਰੇ, ਅਤੇ ਮੋਤੀ ਆਦਿ। ਉਨ੍ਹਾਂ ਵਸਤੁਆਂ ਵਿਚ ਮਿਲਾਵਟ ਯਾ ਚੋਰੀ ਹੋਣੇ ਦਾ ਖ਼ਤਰਾ ਸਦਾ ਬਣਿਆਂ ਹੀ ਰਹਿੰਦਾ ਹੈ। ਠੀਕ ਇਸੀ ਪ੍ਰਕਾਰ ਖਾਲਸਾ ਦਾ ਅਰਥ ਸ਼ੁੱਧ ਹੋਣਾਂ ਹੈ। ਇਸ ਲਈ, ਇਸ ਵਿਚ ਮਿਲਾਵਟ ਯਾ ਗੁਮ ਹੋਣੇ ਦਾ ਭੈ ਸਦਾ ਹੀ ਬਣਿਆਂ ਰਹਿੰਦਾ ਹੈ।

ਮਹਾਤਮਾ ਗਾਂਧੀ ਸੰਸਾਰ ਭਰ ਵਿਚ ਸਿਰਫ ਤਿੰਨ ਹੀ ਵਡੇ ਮਜ਼ਬ ਸਵੀਕਾਰ ਕਰਦਾ ਸੀ। ਉਸ ਦੇ ਕਹਿਣ ਅਨੁਸਾਰ ਤਿਨ ਮਜ਼ਬ ਇਹ ਹਨ-ਇਸਲਾਮ, ਇਸਾਈ ਅਤੇ ਹਿੰਦੂ ਬਸ ! ਉਹ ਸਿੱਖਾਂ ਨੂੰ ਇਕ ਅਡ ਅਤੇ ਸੰਪੂਰਣ ਹੋਂਦ ਵਾਲਾ ਮਜ਼ਬ ਨਹੀਂ ਪ੍ਰਵਾਨਦਾ ਸੀ। ਉਸ ਦਾ ਮਨਣਾਂ ਸੀ ਕਿ ਜੈਨੀ, ਬੋਧੀ ਅਤੇ ਸਿੱਖ, ਹਿੰਦੂ ਮਤ ਦੀਆਂ ਸ਼ਾਖਾਵਾਂ ਹੀ ਹਨ। ਉਹ ਚਾਹੁੰਦਾ ਸੀ ਕਿ ਸਿੱਖ ਆਪਣੇ ਨਿਆਰੇ ਸਰੂਪ ਨੂੰ ਤਿਆਗਾ ਦੇਣ ਅਤੇ ਹਿੰਦੂਆਂ ਵਿਚ ਸਮਾਂ ਜਾਣ ਲਈ ਤਿਆਰ ਹੋ ਜਾਵਣ। ਇਸ ਲਈ ਉਹ ਆਪਣੀ ਪ੍ਰਾਥਨਾ ਸਭਾਵਾਂ ਵਿਚ ਸਿੱਖਾਂ ਦੀ ਘੌਰ ਨਿੰਦਾ ਕਰਦਾ ਰਹਿੰਦਾ ਸੀ ਅਤੇ ਉਨ੍ਹਾਂ ਤੇ ਮਨ ਘੜਤ ਦੂਸ਼ਣ ਲਗਾਉਂਣ ਤੋਂ ਵੀ ਨਹੀਂ ਬਾਜ਼ ਆਉਂਦਾ ਸੀ। ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਇਕ ਭੁਲੜ ਆਗੂ ਦਸਿਆ ਅਤੇ ਉਨ੍ਹਾਂ ਦੀ ਘੋਰ ਨਿੰਦਾ ਕੀਤੀ। ਉਹ ਸਿੱਖਾਂ ਨੂੰ ਫੁਟੀ ਅੱਖ ਵੀ ਵੇਖਣਾਂ ਨਹੀਂ ਸੀ ਚਾਹੁੰਦਾ !

ਜਦੋਂ ਭਾਰਤ ਦੀ ਵੰਡ ਸਮੇਂ ਸਿੱਖ ਪਛਮੀ ਪੰਜਾਬ ਤੋਂ ਜਾਨੀ ਅਤੇ ਮਾਲੀ ਬੇਅੰਤ ਨੁਕਸਾਨ ਝਲ ਕੇ ਉਜਾੜੇ ਕਾਰਣ ਪੂਰਵੀ ਪੰਜਾਬ ਅਤੇ ਦੇਸ਼ ਦੇ ਹੋਰ ਦੁਜਿਆਂ ਨਗਰਾਂ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਸਥਾਨਕ ਪ੍ਰਸ਼ਾਸਨ ਵਲੋਂ ਕੋਈ ਸਹਾਇਤਾ ਨਹੀਂ ਮਿਲੀ, ਬਲਕਿ ਉਨ੍ਹਾਂ ਨੂੰ ਨੀਵੀ ਨਜ਼ਰ ਨਾਲ

ਵੇਖਿਆ ਜਾਣ ਲਗਾ ਅਤੇ ਉਨ੍ਹਾਂ ਨੂੰ ਨਾਂ ਦਿਤਾ ਗਿਆ ਸ਼ਰਨਾਰਥੀ। ਜਦੋਂ ਇਨ੍ਹਾਂ ਦੁਖੀਆਰੇ ਲੋਕਾਂ ਨੇ ਪ੍ਰਸ਼ਾਸਨ ਤੋਂ ਸਹਾਇਤਾ ਦੀ ਮੰਗ ਕੀਤੀ ਤਾਂ ਉਸ ਸਮੇਂ ਦੇ ਕੇਂਦ੍ਰਿਈ ਗ੍ਰਹਿ ਮੰਤ੍ਰੀ ਸਰਦਾਰ ਪਟੇਲ ਨੇ ਇਨ੍ਹਾਂ ਲੋਕਾਂ ਨੂੰ ਕਿਹਾ–ਤੁਸੀ ਲੋਕ ਬਦਲੇ ਵਿਚ ਮੁਸਲਮਾਨਾਂ ਨੂੰ ਇਥੋ ਉਜਾੜੋ ਅਤੇ ਪਾਕਿਸਤਾਨ ਭਜਾਓ। ਇਸ ਤਰ੍ਹਾਂ ਤੁਸੀ ਉਨ੍ਹਾਂ ਦੇ ਘਰਾਂ, ਦੁਕਾਨਾਂ ਅਤੇ ਖੇਤਾਂ ਤੇ ਕਬਜ਼ਾ ਕਰ ਲਓ। **"ਮੈਂ ਤੁਮਹਾਰੇ ਲਿਏ ਇਤਨੀ ਬੜੀ ਸੰਖਿਆ ਮੇਂ ਘਰ, ਖੇਤ ਤਥਾ ਦੁਕਾਨੇ ਕਹਾ ਸੇ ਲਾਊਂ।"** ਪਟੇਲ ਦੇ ਇਸ਼ਾਰੇ ਤੇ ਪਹਿਲਾਂ ਤੋਂ ਹੀ ਆਰ.ਐਸ.ਐਸ ਦੇ ਗੁੰਡੇ ਇਹ ਕੰਮ ਕਰ ਰਹੇ ਸਨ। ਉਹ ਲੋਕ ਸਥਾਨੀਕ ਹਿੰਦੂ ਜਨਤਾ ਨੂੰ ਉਕਸਾ ਕੇ ਮੁਸਲਿਮ ਜਨਤਾ ਨੂੰ ਡਰਾ-ਧਮਕਾ ਕੇ ਪਾਕਿਸਤਾਨ ਜਾਣੇ ਲਈ ਮਜਬੂਰ ਕਰ ਰਹੇ ਸਨ। ਜਦੋਂ ਰਫੂਜੀਆਂ ਨੂੰ ਸਰਕਾਰੀ ਨੀਤੀਆਂ ਨੇ ਉਕਸਾਇਆ ਤਾਂ ਉਹ ਸਥਾਨਿਕ ਅਤਿਵਾਦੀਆਂ ਅਤੇ ਗੁੰਡਿਆਂ ਨਾਲ ਮਿਲ ਕੇ ਆਪਣੇ ਰਹਿਣੇ ਲਈ ਘਰਾਂ ਦੇ ਜੁਗਾੜ ਵਸਤੇ ਮੁਸਲਮਾਨਾਂ ਨੂੰ ਪਾਕਿਸਤਾਨ ਭੇਜਣ ਲਈ ਮਜਬੂਰ ਕਰਣ ਲਗੇ। ਕਿਉਂਕਿ ਉਨ੍ਹਾਂ ਨੂੰ ਪਟੇਲ ਦੀ ਗਲ ਵਿਚ ਦਲੀਲ ਅਤੇ ਸਚਾਈ ਮਹਿਸੂਸ ਹੋ ਰਹੀ ਸੀ।

ਇਸ ਤਰ੍ਹਾਂ ਫਸਾਦੀਆਂ ਦੀ ਭੀੜ ਵਿਚ ਕਿਤੇ-ਕਿਤੇ ਕੋਈ ਪਗੜੀ ਵਾਲਾ ਮਨੁੰਖ ਵੀ ਵਿਖਾਈ ਦੇ ਜਾਂਦਾ ਸੀ। ਬਸ ਫਿਰ ਕੀ ਸੀ। ਉਸ ਸਮੇਂ ਦੀ ਮੀਡਿਆ ਨੇ ਇਸ ਗਲ ਨੂੰ ਖੂਬ ਉਛਾਲਿਆ ਕਿ ਫਸਾਦੀਆਂ ਵਿਚ ਰਫੂਜ਼ੀ ਵੀ ਹਨ। ਇਸ ਗਲ ਨੂੰ ਗਾਂਧੀ ਨੇ ਕੀੜੀ ਦਾ ਪਹਾੜ ਬਣਾ ਕੇ ਅਪਣੀ ਪ੍ਰਾਥਨਾ ਸਭਾਵਾਂ ਵਿਚ ਸਿੱਖਾਂ ਦੀ ਸਖ਼ਤ ਨਖੇਧੀ ਕਰਣੀ ਸ਼ੁਰੂ ਕਰ ਦਿਤੀ ਕਿ–**"ਸੀਖ ਲੋਗ ਹਮਾਰੇ ਮੁਸਲਿਮ ਭਾਈਓ ਕੋ ਮਾਰਤੇ ਹੈ ਔਰ ਯਹੀ ਲੋਗ ਅਰਾਜਕਤਾ ਕਾ ਕਾਰਣ ਹੈਂ।"** ਇਸ ਤਰ੍ਹਾਂ ਉਹ ਆਪਣੀ ਹਰ ਸਭਾ ਵਿਚ ਸਿੱਖਾਂ ਨੂੰ ਭੰਡਦਾ ਰਹਿੰਦਾ ਕਿ ਸਿੱਖ ਲੋਗ ਬਹੁਤ ਬੁਰੇ ਹੁੰਦੇ ਹਨ। ਇਸ ਗਲ ਦਾ ਗਲਤ ਅਸਰ ਉਨ੍ਹਾਂ ਦਿਨਾਂ ਵਿਚ ਦੂਜਿਆ ਪ੍ਰਦੇਸ਼ਿਕ ਸਰਕਾਰਾਂ ਤੇ ਵੀ ਪਿਆ ਜਿਥੇ ਰਫੂਜ਼ੀਆਂ ਵਿਚ ਸਿੱਖ ਲੋਕ ਵੀ ਪਹੁੰਚੇ ਸਨ।

# ਆਜ਼ਾਦੀ ਤੋਂ ਬਾਦ ਸਿੱਖ ਸੰਗ੍ਰਾਮ

ਆਜ਼ਾਦੀ ਦੀ ਲੜਾਈ ਸਮੇਂ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਨੇ ਸਿੱਖਾਂ ਨੂੰ ਵਿਸਵਾਸ ਵਿਚ ਲੈਣ ਲਈ ਉਨ੍ਹਾਂ ਨੂੰ ਬਾਰ-ਬਾਰ ਆਸ਼ਵਾਸਨ ਦਿਤੇ ਕਿ ਜਦੋਂ ਦੇਸ ਆਜ਼ਾਦ ਹੋਏਗਾ ਤਾਂ ਉਨ੍ਹਾਂ ਨੂੰ ਇਕ ਖਾਸ ਖ਼ੇਤਰ ਵਿਚ ਸੰਪੂਰਣ ਆਜ਼ਾਦੀ ਦਾ ਆਨੰਦ ਮਾਣਨ ਲਈ ਖਾਸ ਹੱਕ ਦਿਤੇ ਜਾਣਗੇ। ਤਾਂਕਿ ਓਹ ਸਾਰੇ ਲੋਕ ਜਿਨ੍ਹਾਂ ਨੇ ਆਜ਼ਾਦੀ ਪ੍ਰਾਪਤੀ ਲਈ ਸਬ ਤੋਂ ਵਧ ਆਪਣੇ ਪ੍ਰਾਣਾਂ ਦੀ ਕੁਰਬਾਨੀ ਦਿਤੀ ਹੈ। ਆਤਮ ਗਰੋਵ ਦਾ ਅਹਿਸਾਸ ਕਰ ਸਕਣਗੇ। ਪਰ ਜਿਸ ਤਰ੍ਹਾਂ ਹੀ ਆਜ਼ਾਦੀ ਮਿਲੀ ਤਿਵੇ ਹੀ ਓਹ ਲੋਕ ਸਾਰੇ ਸਿੱਖਾਂ ਨਾਲ ਕੀਤੇ ਗਏ, ਕੌਲ-ਇਕਰਾਰ ਭੁਲ ਗਏ। ਜਦੋਂ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਜੀ ਨੇ ਉਸ ਵਚਨ ਬੱਧਤਾ ਦੇ ਲਈ ਨਹਿਰੂ ਜੀ ਨੂੰ ਯਾਦ ਦੁਆਈ ਤਾਂ ਉਨ੍ਹਾਂ ਦਾ ਉੱਤਰ ਸੀ। ਕਿ ਓਹ ਤਾਂ ਆਜ਼ਾਦੀ ਤੋਂ ਪਹਿਲਾਂ ਦੀਆਂ ਗੱਲਾਂ ਸਨ। ਹੁਣ ਪ੍ਰਸਥਿਤਿਆਂ ਬਦਲ ਗਈਆਂ ਹਨ। ਇਸ ਲਈ ਹੁਣ ਆਪ ਲੋਕਾਂ ਨੂੰ ਕੋਈ ਖਾਸ ਹੱਕ ਨਹੀਂ ਦਿਤੇ ਜਾ ਸਕਦੇ ਕਿਉਂਕਿ ਸਵਿਧਾਨ ਵਿਚ ਸਾਰੇ ਪ੍ਰਾਤਾਂ ਨੂੰ ਇਕੋ ਜਹੇ ਹੱਕ ਦਿਤੇ ਗਏ ਹਨ। ਇਸ ਤੇ ਮਾਸਟਰ ਤਾਰਾ ਸਿੰਘ ਜੀ ਨੇ ਕਿਹਾ-ਅਸੀ ਲੋਕ ਤਾਂ ਸਵਿਧਾਨ ਦੇ ਦਾਇਰੇ ਵਿਚ ਰਹਿ ਕੇ ਹੀ ਪੰਜਾਬ ਪ੍ਰਾਂਤ ਦੀ ਮਾਂ ਬੋਲੀ 'ਪੰਜਾਬੀ' ਗੁਰਮੁਖੀ ਲਿਪੀ ਵਿਚ ਅਧਿਕਾਰ ਚਾਹੁੰਦੇ ਹਾਂ। ਬਸ ਸਾਡੀ ਇਹ ਹੀ ਇਕ ਮੁਖ ਮੰਗ ਹੈ। ਛਲ-ਕਪਟ ਦੀ ਨੀਤਿ ਵਿਚ ਨਿਪੁਣ ਨਹਿਰੂ ਜੀ ਨੇ ਕਿਹਾ-ਗਲ ਤਾਂ ਠੀਕ ਹੈ ਪਰ ਕੁਝ ਐਸੇ ਪੰਜਾਬ ਦੇ ਜਿਲ੍ਹੇ ਹਨ ਜਿਨਾਂ ਵਿਚ ਪੰਜਾਬੀ ਨਹੀਂ ਬੋਲੀ ਜਾਂਦੀ, ਉਨ੍ਹਾਂ ਉਤੇ ਜੋਰ-ਜ਼ਬਰਦਸਤੀ ਪੰਜਾਬੀ (ਗੁਰਮੁਖੀ ਕਿਸ ਤਰ੍ਹਾਂ ਥੋਪੀ ਜਾਵੇ। ਇਸ ਤੇ ਮਾਸ਼ਟਰ ਜੀ ਨੇ ਕਿਹਾ- ਜਿਸ ਤਰ੍ਹਾਂ ਕਿ ਆਪਨੇ ਆਜ਼ਾਦੀ ਤੋਂ ਪਹਿਲਾਂ ਆਪਣੇ ਮੈਨੀਫੈਂਸਟੋ (Manifesto) ਵਿਚ ਕਿਹਾ ਸੀ ਕਿ ਜਰੂਰਤ ਅਨੁਸਾਰ ਸੁਬਿਆਂ ਦੀ ਮੁਢ ਤੋਂ ਬੋਲੀ ਨੂੰ ਅਧਾਰ ਮਨ ਕੇ ਦੁਬਾਰਾ ਗਠਨ (ਵੰਡ) ਕੀਤਾ ਜਾਵੇਗਾ। ਇਸ ਲਈ ਹੁਣ ਉਹ ਸਮਾਂ ਆ ਗਿਆ ਹੈ, ਪੰਜਾਬ ਦਾ ਦੁਬਾਰਾ ਬੋਲੀ ਨੂੰ ਆਧਾਰ ਮਨ ਕੇ ਗਠਨ ਕੀਤਾ ਜਾਵੇ ਭਾਵ ਕਿ ਇਸ ਸੁਬੇ ਦੇ ਹਿੰਦੀ ਬੋਲਣ ਵਾਲੇ ਇਲਾਕੇ ਇਸ ਤੋਂ ਅਡ ਕਰ ਦਿਤੇ ਜਾਵਨ। ਉੱਤਰ ਵਿਚ ਨਹਿਰੂ ਜੀ ਨੇ ਕਹਿਆ -ਛੋਟੇ-ਛੋਟੇ

ਸੂਬਿਆਂ ਦੇ ਗਠਨ ਵਿਚ ਬਹੁਤ ਸਾਰੀਆਂ ਪ੍ਰਸ਼ਾਸਨਿਕ ਸਮਸਿਆਵਾਂ ਪੈਦਾ ਹੋ ਜਾਣਗੀਆਂ। ਇਸ ਲਈ ਇਹ ਕੰਮ ਮੁਸ਼ਕਿਲ ਹੈ। ਸਾਨੂੰ ਕੋਈ ਹੋਰ ਵਿਕਲਪ ਢੂੰਡਣਾ ਚਾਹੀਦਾ ਹੈ। ਇਸ ਤੇ ਅਕਾਲੀ ਦਲ ਦੇ ਮੋਰਚੇ ਦੇ ਡਰ ਤੋਂ ਉਸ ਸਮੇਂ ਦੇ ਮੁਖ ਮੰਤ੍ਰੀ ਭੀਮ ਸੈਨ ਸੱਚਰ ਨੇ ਇਕ ਰੀਜਨਲ (ਖ਼ੇਤ੍ਰੀ) ਫਾਰਮੂਲਾ ਪੰਜਾਬ ਵਿਧਾਨ ਸਭਾ ਵਿਚ ਪਾਸ ਕਰਵਾ ਲਿਆ। ਜੋ ਕਿ ਨਹਿਰੂ ਦੀ ਸਲਾਹ ਨਾਲ ਲੋਕ ਸਭਾ ਦੇ ਅਕਾਲੀ ਨੇਤਾ ਸਰਦਾਰ ਹੁਕਮ ਸਿੰਘ ਜੀ ਨੇ ਤਿਆਰ ਕੀਤਾ ਸੀ। ਇਸ ਫਾਰਮੂਲੇ ਦੇ ਪਾਸ ਹੋਣ ਦੇ ਤੌਂਫੇ ਵਿਚ ਸਰਦਾਰ ਹੁਕਮ ਸਿੰਘ ਜੀ ਨੂੰ ਵਿਰੋਧੀ ਦਲ ਦਾ ਮੈਂਬਰ ਹੋਣ  ਦੇ ਬਾਵਜੂਦ ਵੀ ਲੋਕ ਸਭਾ ਅਧਿਅਕਸ਼ ਬਣਾ ਦਿਤਾ ਗਿਆ।

ਇਸ ਖ਼ੇਤ੍ਰੀ ਫਾਰਮੂਲੇ ਦੇ ਅਨੁੰਸਾਰ ਬੱਚਿਆਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਇੱਛਾ ਅਨੁਸਾਰ ਪ੍ਰਾਰੰਭਿਕ ਸਿਖਿਆ ਦੀ ਲਿਪੀ ਯਾ ਬੋਲੀ ਚੁਣਨ ਦਾ ਹੱਕ ਦਿਤਾ ਗਿਆ ਸੀ।

ਇਸ ਤਰ੍ਹਾਂ ਪੰਜਾਬ ਨੂੰ ਦੋ ਜ਼ੋਨਾਂ ਵਿਚ ਵੰਡ ਦਿਤਾ ਗਿਆ। ਇਨ੍ਹਾਂ ਵਿਚ ਮਿਡਲ ਕਲਾਸ ਤੋਂ ਦੋਨਾਂ ਬੋਲੀਆਂ ਦਾ ਪੜ੍ਹਨਾਂ ਜ਼ਰੂਰੀ ਸੀ ਪਰ ਇਹ ਫਾਰਮੂਲਾ ਕਦੇ ਵੀ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਗਿਆ।

ਦੂਜਾ ਪੰਜਾਬੀ ਬੋਲੀ ਦੇ ਖ਼ੇਤਰਾਂ ਦੇ ਕੱਟੜ ਪੰਥੀ ਹਿੰਦੂ ਸ਼੍ਰੇਣੀ ਆਰੀਆ ਸਮਾਜੀ, ਹਿੰਦੂ ਮਹਾ ਸਭਾ, ਜਨਸੰਘੀ, ਮਹਾਸ਼ੇ ਆਰ.ਏਸ.ਏਸ. ਆਦਿ ਦੇ ਹਿੰਦੂਤਵ ਵਿਚਾਰਧਾਰਾ ਦੇ ਲੋਗ ਪੰਜਾਬੀ ਖ਼ੇਤਰ ਵਿਚ ਵਸਣ ਦੇ ਬਾਵਜੂਦ ਆਪਣੇ ਬੱਚਿਆਂ ਨੂੰ ਹਿੰਦੀ ਮਾਧਿਅਮ ਨਾਲ ਸਿਖਿਆ ਦੁਆਣ ਦੇ ਹੱਕ ਵਿਚ ਸਨ। ਜਦੋਂ ਕਿ ਓਹ ਲੋਕ ਆਪਣੇ ਘਰਾਂ ਵਿਚ ਸ਼ੁੱਧ ਪੰਜਾਬੀ ਬੋਲੀ ਵਿਚ ਗਲ-ਬਾਤ ਕਰਦੇ ਸਨ। ਪਰ ਫਿਰ ਵੀ ਉਨ੍ਹਾਂ ਇਸ ਫਾਰਮੂਲੇ ਦਾ ਸਖ਼ਤ ਵਿਰੋਧ ਕੀਤਾ ਅਤੇ ਸਦਾ ਟੱਕਰਾਵ ਦੀ ਹਾਲਤ ਪੈਦਾ ਕਰਦੇ ਰਹਿੰਦੇ ਸਨ। ਇਨ੍ਹਾਂ ਲੋਕਾਂ ਦਾ ਮਨਣਾਂ ਸੀ-ਹਿੰਦੀ, ਹਿੰਦੂ, ਹਿੰਦੂਸਤਾਨ ਇਸ ਤੋਂ ਇਲਾਵਾ ਕੁਝ ਵੀ ਨਹੀਂ।

ਹਿੰਦੂ ਕੱਟੜ ਵਾਦ ਨੂੰ ਮਨਾਉਂਣ ਦੇ ਲਈ ਅਕਾਲੀ ਆਗੂਆਂ ਨੇ ਉਨ੍ਹਾਂ ਨੂੰ ਵਿਸਵਾਸ

ਦਿਵਾਉਂਣ ਲਈ ਸਖ਼ਤ ਮੇਹਨਤ ਕੀਤੀ ਕਿ ਅਸੀ ਹਿੰਦੀ ਵਿਰੋਧੀ ਨਹੀਂ ਹਾਂ। ਸਾਡੇ ਹੀ ਨੁਮਾਇੰਦੇ ਸ੍ਰ: ਗੁਰਮੁਖ ਸਿੰਘ ਮੁਸਾਫਿਰ ਵਲੋਂ ਲੋਕ ਸਭਾ ਅੰਦਰ ਦਿਤੇ ਗਏ ਬਿਨਾਂ ਸ਼ਰਤ ਵੋਟ ਨਾਲ ਹੀ ਹਿੰਦੀ ਸਾਰੇ ਭਾਰਤ ਦੀ ਰਾਸ਼ਟਰ ਭਾਸ਼ਾ ਦੀ ਥਾਂ ਲੈ ਸਕੀ ਹੈ। ਜਿਸ ਤਰ੍ਹਾਂ ਕਿ ਸਾਰੇ ਭਾਰਤ ਵਿਚ ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕੀਤਾ ਗਿਆ ਹੈ। ਠੀਕ, ਉਦਾਂ ਹੀ ਪੰਜਾਬ ਵਿਚ ਵੀ ਮਾਤ ਬੋਲੀ ਪੰਜਾਬੀ ਰਹੇਗੀ, ਰਾਸ਼ਟ੍ਰ ਭਾਸ਼ਾ ਹਿੰਦੀ ਅਤੇ ਅੰਤਰ ਰਾਸ਼ਟ੍ਰ ਭਾਸ਼ਾ ਅੰਗ੍ਰੇਜ਼ੀ ਹੋਵੇਗੀ। ਪਰ ਕੱਟਰ ਪੰਥੀ ਹਿੰਦੂਆਂ ਦਾ ਮਨਣਾ ਸੀ ਕਿ ਗੁਰਮੁਖੀ (ਪੰਜਾਬੀ) ਸਿੱਖਾਂ ਦੀ ਬੋਲੀ ਹੈ ਅਤੇ ਓਹ ਫਿਰਕਾਪਰਸਤੀ ਦੀ ਅਗ ਵਿਚ ਜਲ ਰਹੇ ਸਨ। ਇਸ ਲਈ ਓਨ੍ਹਾਂ ਨੇ ਪੰਜਾਬੀ ਦਾ ਵਿਰੋਧ ਜਾਰੀ ਰਖਿਆ। ਇਨ੍ਹਾਂ ਵਿਚ ਸਬ ਤੋਂ ਅੱਗੇ ਜਲੰਧਰ ਨਗਰ ਤੋਂ ਛਪਣ ਵਾਲੇ ਅਖ਼ਬਾਰ ਮਿਲਾਪ, ਹਿੰਦ ਸਮਾਚਾਰ, ਪੰਜਾਬ ਕੇਸਰੀ, ਅਤੇ ਵੀਰਪ੍ਰਤਾਪ ਆਦਿ ਇਤਿਆਦੀ ਪ੍ਰਮੁਖ ਸਨ। ਇਹ ਲੋਕ ਕੀੜੀ ਦਾ ਪਹਾੜ ਬਣਾ ਕੇ ਸਾਂਤ ਮਹੋਲ ਵਿਚ ਜ਼ਹਿਰ ਮਿਲਾਣ ਦਾ ਕੰਮ ਕਰਦੇ ਰਹਿੰਦੇ। ਇਸ ਤੋਂ ਬਾਦ ਵੀ ਕੁਝ ਹਿੰਦੂ ਬੁੱਧਿ ਜੀਵੀਆਂ ਨੇ ਸੱਚਾਈ ਨੂੰ ਸਵੀਕਾਰ ਕਰਦੇ ਹੋਏ ਸਾਰੇ ਪੰਜਾਬੀ ਹਿੰਦੂਆਂ ਨੂੰ ਬੇਨਤੀ ਕੀਤੀ ਤੇ ਕਿਹਾ-ਜਿਦਾ ਉਰਦੂ ਪੜ੍ਹਨ ਨਾਲ ਅਸੀ ਮੁਸਲਮਾਨ ਨਹੀਂ ਬਣ ਗਏ, ਠੀਕ ਉਦਾਂ ਹੀ ਅਸੀ ਗੁਰਮੁਖੀ ਪੜ੍ਹਨੇ ਮਾਤ੍ਰ ਨਾਲ ਸਿੱਖ ਨਹੀਂ ਬਣ ਜਾਵਾਂਗੇ। ਗਲ ਤਰਕ ਸੰਗਤ ਸੀ ਪਰ ਤਾਂ ਵੀ ਲਾਲਾ ਜਗਤ ਨਾਰਾਇਣ ਦੇ ਅਖ਼ਬਾਰਾਂ ਨੇ ਅਪਣੀ ਨੀਤੀ ਵਿਚ ਕੋਈ ਫਰਕ ਨਹੀਂ ਕੀਤਾ ਅਤੇ ਉਸ ਨੇ ਸਿੱਖ ਵਿਚਾਰਧਾਰਾ ਤੇ ਸਮੇਂ-ਸਮੇਂ ਸਟ ਮਾਰਣੇ ਦਾ ਕੰਮ ਜਾਰੀ ਰਖਿਆ।

ਜੂਨ 1948 ਨੂੰ ਬੋਲੀ ਨੂੰ ਅਧਾਰ ਮਨ ਕੇ ਸੂਬਿਆਂ ਦਾ ਦੁਬਾਰਾ ਗਠਨ ਕਰਣ ਦਾ ਕੰਮ ਇਲਾਹਬਾਦ ਹਾਈਕੋਰ੍ਟ ਨੂੰ ਦਿਤਾ ਗਿਆ, ਜਿਸ ਵਿਚ ਆਂਧਰਾ, ਕਰਨਾਟਕਾ, ਕੇਰਲਾ ਆਦਿ ਪ੍ਰਾਂਤ ਹੋਂਦ ਹੋਂਦ ਵਿਚ ਆਏ। ਪਰ ਮਹਾਰਾਸ਼ਟ੍ਰ ਅਤੇ ਪੰਜਾਬ ਦੀ ਵੰਡ ਤੇ ਵਿਚਾਰ ਨਹੀਂ ਕੀਤਾ ਗਿਆ। ਇਸ ਲਈ ਅਕਾਲੀ ਦਲ ਵਿਚ ਬਹੁਤ ਨਿਰਾਸ਼ਾ ਸੀ। ਓਹ ਚਾਹੁੰਦੇ ਸਨ ਕਿ ਜੇਕਰ ਹਿੰਦੀ ਭਾਸ਼ਾਈ ਖ਼ੇਤਰਾਂ ਨੂੰ ਅਡ ਕਰ ਦਿਤਾ ਜਾਏ ਤਾਂ ਸੂਬੇ ਦੀਆਂ ਚੋਣਾਂ ਵਿਚ ਓਹ ਬਹੁਮਤ ਵਿਚ ਆ ਸਕਦੇ ਹਨ ਅਤੇ ਵਿਧਾਨ ਸਭਾ ਵਿਚ ਅਕਾਲੀ ਸਰਕਾਰ ਬਣਾਈ ਜਾ ਸਕਦੀ ਹੈ। ਪਰ ਕੇਂਦ੍ਰ ਵਿਚ

ਬੈਠੀ ਨਹਿਰੂ ਸਰਕਾਰ ਇਸ ਤਰ੍ਹਾਂ ਕਿਸੇ ਵੀ ਕੀਮਤ ਤੇ ਹੋਣ ਨਹੀਂ ਦੇਣਾਂ ਚਾਹੁੰਦੀ ਸੀ। ਨਹਿਰੂ ਦਾ ਮਨਣਾ ਸੀ ਕਿ ਪੰਜਾਬ ਦੀ ਵੰਡ ਮਨ ਕੇ ਸਿੱਖਾਂ ਨੂੰ ਹੋਮਲੈਂਡ ਸੋਪਣ ਦਾ ਕਮ ਕਰਣ ਵਰਗਾ ਹੋਏਗਾ। ਅਜੇਹੀ ਹਾਲਤ ਵਿਚ ਸੱਤਾ ਦੀ ਭੁਖ ਦੇ ਕਾਰਣ ਅਕਾਲੀ ਦਲ ਦੇ ਕੁਝ ਪ੍ਰਮੁਖ ਨੇਤਾ ਆਪਣਾ ਦਲ ਬਦਲ ਗਏ ਅਤੇ ਕਾਂਗਰਸ ਵਿਚ ਸ਼ਾਮਲ ਹੋ ਗਏ। ਇਸ ਤਰ੍ਹਾਂ ਅਕਾਲੀ ਦਲ ਨੂੰ ਬਹੁਤ ਨੁਕਸਾਨ ਸਹਿਣਾਂ ਪਿਆ। ਦੂਜੇ ਪਾਸੇ ਨਹਿਰੂ ਸਰਕਾਰ ਨੂੰ ਆਪਣੀ ਨੀਤੀ ਸਫਲ ਹੁੰਦੀ ਦਿਖਾਈ ਦੇਣ ਲਗੀ ਕਿਉਂਕਿ ਉਹ ਲੋਕ ਅਕਾਲੀ ਦਲ ਵਿਚ ਫੁੱਟ ਪਾਕੇ ਪ੍ਰਾਂਤਕ ਸਰਕਾਰ ਤੇ ਵੀ ਆਪਣਾ ਸ਼ਾਸਨ ਸਥਾਪਤ ਕਰਨ ਵਿਚ ਸਫਲ ਹੋ ਗਏ ਸਨ। ਇਸ ਔਖੀ ਘੜੀ ਵਿਚ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੂੰ ਇੱਕ ਹੀ ਰਾਹ ਦਿਖਾਈ ਦੇਣ ਲੱਗਾ, ਉਹ ਸੀ ਪੰਜਾਬ ਦੀ ਵੰਡ।

ਕਹਿਣ ਨੂੰ ਤਾਂ ਸੱਚਰ ਫਾਰਮੂਲਾ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਦੀ ਸਮੱਸਿਆ ਦਾ ਹੱਲ ਸੀ ਪਰ ਕੇਂਦਰ ਸਰਕਾਰ ਉਸ ਨੂੰ ਪੂਰਨ ਰੂਪ ਵਿਚ ਲਾਗੂ ਕਰਨ ਲਈ ਕੋਈ ਦਬਾਅ ਨਹੀਂ ਪਾ ਰਹੀ ਸੀ। ਸੱਚਰ ਫਾਰਮੂਲਾ ਕੇਵਲ ਇੱਕ ਅਧਿਆਦੇਸ਼ ਮਾਤਰ ਸੀ ਜੋ ਕਦੇ ਵੀ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਗਿਆ। ਇਸ ਤਰ੍ਹਾਂ ਅਕਾਲੀ ਨੇਤਾ ਆਪਣੇ ਆਪ ਨੂੰ ਠੱਗਿਆ ਗਿਆ ਮਹਿਸੂਸ ਕਰਣ ਲੱਗੇ। ਉਹ ਸਮਝ ਗਏ ਕਿ ਉਨ੍ਹਾਂ ਨੂੰ ਝਾਂਸਾ ਦਿੱਤਾ ਗਿਆ ਹੈ। ਤਦ ਅਕਾਲੀ ਨੇਤਾਵਾਂ ਨੇ ਵਿਚਾਰ ਕੀਤਾ, ਅਸੀਂ ਦੇਸ਼ ਦੀ ਆਜ਼ਾਦੀ ਲਈ ਦੇਸ਼ ਦੀ ਜਨਸੰਖਿਆ ਦਾ 2% ਹੁੰਦੇ ਹੋਏ ਵੀ 80% ਬਲੀਦਾਨ ਦਿੱਤੇ ਹਨ, ਜਿਸ ਦਾ ਰਿਕਾਰਡ ਆਜ਼ਾਦ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਆਜ਼ਾਦ ਜੀ ਨੇ ਦੇਸ਼ ਦੀਆਂ ਸਾਰੀਆਂ ਜੇਲ੍ਹਾਂ ਦਾ ਸਰਵੇਖਣ ਕਰਕੇ ਦੇਸ਼ ਦੇ ਸਨਮੁੱਖ ਪੇਸ਼ ਕੀਤਾ ਹੈ।

ਅਕਾਲੀ ਨੇਤਾਵਾਂ ਨੂੰ ਸਚਾਈ ਦਾ ਅਹਿਸਾਸ ਹੋਇਆ ਕਿ ਉਨ੍ਹਾਂ ਨੂੰ ਰਾਜ-ਸ਼ਕਤੀ ਵਿਚ ਕਿਤੇ ਵੀ ਹਿੱਸੇਦਾਰ ਨਹੀਂ ਬਣਾਇਆ ਗਿਆ ਕਿਉਂਕਿ ਉਨ੍ਹਾਂ ਦੀ ਜਨਸੰਖਿਆ ਬਹੁਤ ਘੱਟ ਹੈ। ਜੇ ਉਹ ਪੰਜਾਬ ਦੀ ਰਾਜਨੀਤਕ ਤਾਕਤ ਪ੍ਰਾਪਤ ਕਰਕੇ ਅਧਿਕਾਰ ਨਾਲ ਸ਼ਾਸਨ ਕਰਨਾ ਚਾਹੁੰਦੇ ਹਨ ਤਾਂ ਕੇਵਲ ਇੱਕ ਹੀ ਹਲ ਹੈ, ਪੰਜਾਬ ਦੀ ਵੰਡ। ਇਸ ਤਰ੍ਹਾਂ ਅਕਾਲੀ ਦਲ ਨੇ ਪੰਜਾਬ ਦੀ ਵੰਡ

ਦਾ ਅੰਦੋਲਨ ਸ਼ੁਰੂ ਕਰ ਦਿੱਤਾ । ਅੰਮ੍ਰਿਤਸਰ ਨਗਰ ਵਿਚ ਆਪਣੀ ਤਾਕਤ ਦਰਸਾਉਂਣ ਲਈ ਇੱਕ ਵਿਸਾਲ ਰੈਲੀ ਕੀਤੀ ਜਿਸ ਵਿਚ ਉਸ ਸਮੇਂ ਉਨ੍ਹਾਂ ਦਿਨ੍ਹਾਂ 'ਚ ਦਸ ਲੱਖ ਦੇ ਕਰੀਬ ਲੋਕ ਇਕੱਠੇ ਹੋਏ। ਬਸ ਫਿਰ ਕੀ ਸੀ? ਅਕਾਲੀਆਂ ਨੇ ਅੰਮ੍ਰਿਤਸਰ ਨਗਰ ਦੇ ਪਵਿੱਤਰ ਸਥਾਨ ਅਕਾਲ ਤਖਤ ਤੋਂ ਨਿਯਮ ਬੱਧ ਅਤੇ ਅਨੁਸ਼ਾਸਿਤ ਢੰਗ ਨਾਲ ਅੰਦੋਲਨ ਸ਼ੁਰੂਕਰ ਦਿੱਤਾ। ਅਕਾਲੀ ਅੰਦੋਲਨਕਾਰੀ **'ਪੰਜਾਬੀ ਸੂਬਾ'** ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਗੁਰਦੁਆਰਾ ਮੰਜੀ ਸਾਹਿਬ ਤੋਂ ਬਾਹਰ ਆਉਂਦੇ, ਪੰਜਾਬ ਸਰਕਾਰ ਨੇ **'ਪੰਜਾਬੀ ਸੂਬਾ'** ਜ਼ਿੰਦਾਬਾਦ ਕਹਿਣ ਤੇ ਰੋਕ ਲਾ ਦਿੱਤੀ। ਸਭ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਜੀ ਨੇ 11 ਮਈ, 1955 ਈ. ਨੂੰ ਖੁਦ ਗ੍ਰਿਫਤਾਰੀ ਦਿੱਤੀ। ਇਸ ਤੋਂ ਬਾਅਦ ਹਰ ਰੋਜ਼ ਸਿੱਖਾਂ ਦਾ ਇੱਕ ਜਥਾ ਗ੍ਰਿਫਤਾਰੀ ਦੇਂਦਾ। ਇਹ ਅੰਦੋਲਨ ਲਗਭਗ ਦੋ ਮਹੀਨੇ ਬਹੁਤ ਸ਼ਾਂਤਮਈ ਢੰਗ ਨਾਲ ਚਲਦਾ ਰਿਹਾ। ਇਸ ਤਰ੍ਹਾਂ ਹਜ਼ਾਰਾਂ ਕੈਦੀ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਸਨ, ਅੰਤ ਵਿਚ ਪੰਜਾਬ ਸਰਕਾਰ ਨੇ **'ਪੰਜਾਬੀ ਸੂਬਾ ਜ਼ਿੰਦਾਬਾਦ'** ਦੇ ਨਾਅਰੇ ਲੱਗਾਉਂਣ ਤੇ ਲਾਈ ਰੋਕ, ਹਟਾ ਲਈ ਅਤੇ ਸਾਰੇ ਅੰਦੋਲਨ ਕਾਰੀਆਂ ਨੂੰ ਬਿਨ੍ਹਾਂ ਸ਼ਰਤ ਰਿਹਾ ਕਰ ਦਿੱਤਾ। ਅਸਲ ਵਿਚ ਉਸ ਸਮੇਂ ਪੰਜਾਬ ਸਰਕਾਰ ਅੰਦੋਲਨਕਾਰੀਆਂ ਦੇ ਵਧਦੇ ਦਬਾ ਨੂੰ ਝਲਣ ਦੇ ਸਮਰੱਥ ਨਹੀਂ ਸੀ, ਅਤੇ ਨਾ ਹੀ ਜੇਲ੍ਹਾਂ ਵਿਚ ਉਨ੍ਹਾਂ ਨੂੰ ਰੱਖਣ ਲਈ ਕੋਈ ਖਾਲੀ ਥਾਂ ਹੀ ਸੀ।

ਇਸ ਦੇ ਉਲਟ ਮਹਾਸ਼ਾ, ਹਿੰਦੂਮਹਾਂ ਸਭਾ, ਆਰੀਆ ਸਮਾਜੀ, ਜਨਸੰਘੀ, ਆਰ. ਐਸ.ਐਸ ਆਦਿ ਲੋਕ ਧਾਰਮਿਕ ਕੱਟੜਤਾ ਦੀ ਅੱਗ ਵਿਚ ਸੜਨ ਦੇ ਕਾਰਨ ਮਹਾਂ ਪੰਜਾਬ ਦੇ ਨਾਅਰੇ ਬੁਲੰਦ ਕਰ ਰਹੇ ਸਨ। ਇਸ ਤਰ੍ਹਾਂ ਟਕਰਾਵ ਦੀ ਸਥਿਤੀ ਅਨੇਕਾਂ ਵਾਰ ਬਣਦੀ ਰਹੀ। ਇਸ ਦੇ ਸਿੱਟੇ ਵਜੋਂ ਕਈ ਵਾਰ ਜਾਨੀ-ਮਾਲੀ ਹਾਨੀ ਵੀ ਦੋਹਾਂ ਧਿਰਾਂ ਨੂੰ ਸਹਿਣੀ ਪਈ।

ਹੁਣ ਭਾਰਤ ਸਰਕਾਰ ਨੇ ਫਿਰ ਫੈਸਲਾ ਕੀਤਾ ਕਿ ਇਸ ਵਾਰ ਸੱਚਰ ਫਾਰਮੂਲਾ ਦ੍ਰਿੜਤਾ ਨਾਲ ਲਾਗੂ ਕੀਤਾ ਜਾਵੇਗਾ, ਇਸ ਵਿਚ ਕੋਈ ਢਿੱਲ ਨਹੀਂ ਦਿੱਤੀ ਜਾਵੇਗੀ, ਪਰ ਉਹ ਫਿਰ ਤੋਂ ਮਹਾਸ਼ਾ (ਹਿੰਦੂਤੁਵ) ਦੀ ਧਾਰਮਿਕ ਕੱਟੜਤਾ ਦੇ ਸ਼ਿਕਾਰ ਹੋ ਗਏ। ਇਸ ਤਰ੍ਹਾਂ ਸੱਚਰ ਫਾਰਮੂਲਾ ਕਦੇ ਵੀ ਪੂਰਨ ਰੂਪ ਵਿਚ ਲਾਗੂ ਨਹੀਂ ਕੀਤਾ ਗਿਆ।

ਇਸ ਦੌਰਾਨ ਅਕਾਲੀ ਨੇਤਾਵਾਂ ਨੂੰ ਸੁਝਾਅ ਮਿਲਣ ਲੱਗੇ ਕਿ ਜੇ ਅਕਾਲੀ ਦਲ ਕਾਂਗਰਸ ਵਿਚ ਸ਼ਾਮਲ ਹੋ ਜਾਵੇ ਅਥਵਾ ਸੰਯੁਕਤ ਮੋਰਚਾ ਸਥਾਪਿਤ ਕਰਕੇ ਸੀਟਾਂ ਦਾ ਬਟਵਾਰਾ ਸਵੀਕਾਰ ਕਰ ਲਵੇ ਤਾਂ ਉਹ ਲੋਕ ਰਾਜਨੀਤਕ ਸ਼ਕਤੀ ਵਿਚ ਹਿੱਸੇਦਾਰ ਬਣ ਸਕਦੇ ਹਨ, ਜਿਸ ਨਾਲ ਸਥਿਤੀ ਬਹੁਤ ਬਦਲ ਸਕਦੀ ਹੈ। ਅਜਿਹਾ ਹੀ ਕੀਤਾ ਗਿਆ ਪਰ ਸੀਟਾ ਦੇ ਬਟਵਾਰੇ ਵੇਲੇ ਉਹ ਨੀਚ ਪ੍ਰਵਿਰਤੀ ਦੀ ਧਾਂਦਲੀ ਕੀਤੀ ਗਈ। 85 ਸੀਟਾਂ ਵਿਚੋਂ ਕੇਵਲ 20 ਸੀਟਾਂ ਹੀ ਅਕਾਲੀਆਂ ਨੂੰ ਦਿੱਤੀਆਂ ਗਈਆਂ, ਜੋ ਕਿ ਇਕ ਬਹੁਤ ਵੱਡਾ ਧੋਖਾ ਸੀ। ਇਸ ਤਰ੍ਹਾਂ ਇਹ ਸੰਯੁਕਤ ਮੋਰਚਾ ਪਹਿਲੀਆਂ ਚੋਣਾਂ ਵਿਚ ਹੀ ਦਮ ਤੋੜ ਗਿਆ।

ਉਸ ਸਮੇਂ ਵਿਰੋਧੀ ਦਲ ਮਾਸਟਰ ਤਾਰਾ ਸਿੰਘ ਜੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨਗੀ ਪਦ ਤੋਂ ਹਟਾਉਣਾ ਚਾਹੁੰਦੇ ਸਨ। ਸ਼ਕਤੀ ਸੰਤੁਲਣ ਕਰਵਾਇਆਂ  ਤਾਂ ਮਾਸਟਰ ਜੀ (77-74) ਦੇ ਫਰਕ ਨਾਲ ਜਿੱਤ ਗਏ। ਇਹ ਸਮਾਂ 16 ਨਵੰਬਰ 1958 ਦਾ ਸੀ। ਤਦ ਮਾਸਟਰ ਤਾਰਾ ਸਿੰਘ ਜੀ ਨੇ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਜਨਵਰੀ 1960 ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਮੁੱਖ ਮੁੱਦਾ ਐਲਾਨ ਕੇ ਲੜੀਆਂ ਤਾਂ ਉਨ੍ਹਾਂ ਨੂੰ (132-4) ਦੇ ਅੰਤਰ ਨਾਲ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਹੋਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤਣ ਤੋਂ ਬਾਦ ਮਾਸਟਰ ਤਾਰਾ ਸਿੰਘ ਜੀ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਜਨਵਰੀ 1960 ਵਿਚ ਫਿਰ ਤੋਂ ਅੰਦੋਲਨ ਸ਼ੁਰੂ ਕਰ ਦਿੱਤਾ ਅਤੇ ਲਗਭਗ ਪੰਜਾਹ ਹਜ਼ਾਰ ਅੰਦੋਲਨਕਾਰੀ ਗ੍ਰਿਫਤਾਰ ਹੋਏ। ਤਦ ਅੰਦੋਲਨ ਦੇ ਸੰਚਾਲਕ ਨੇ ਫੈਸਲਾ ਕੀਤਾ ਕਿ ਇਸ ਸੰਬੰਧ ਵਿਚ ਦਿੱਲੀ ਵਿੱਖੇ ਇੱਕ ਵਿਰੋਧ ਪ੍ਰਦਰਸ਼ਨ ਕਰਨ ਲਈ ਜਲੂਸ ਕਢਿਆ ਜਾਵੇਗਾ। ਜਦੋਂ 12 ਜੂਨ 1960 ਨੂੰ ਉੱਥੇ ਸ਼ਾਂਤੀ ਪੂਰਵਕ ਰੋਸ ਵਿਖਾਵਾ ਕੀਤਾ ਗਿਆ ਤਾਂ ਨਹਿਰੂ ਸਰਕਾਰ ਨੇ ਬਿਨ੍ਹਾਂ ਕਿਸੇ ਕਾਰਨ ਦੇ ਇਨ੍ਹਾਂ ਪ੍ਰਦਰਸ਼ਨ ਕਰਨ ਵਾਲਿਆਂ ਤੇ ਲਾਠੀਆਂ, ਗੋਲੀਆਂ ਅਤੇ ਅੱਥਰੂਗੈਸ ਦੀ ਵਰਤੋਂ ਕਰਕੇ ਬਲਪੂਰਵਕ ਇਹਨਾਂ ਅੰਦੋਲਨਕਾਰੀਆਂ ਨੂੰ ਕੁਚਲ ਦਿੱਤਾ। ਇਸ ਵਤੀਰੇ ਦਾ ਸਿੱਖ ਜਗਤ ਵਿਚ ਬਹੁਤ ਬੁਰਾ ਮਨਾਇਆ ਗਿਆ ਕਿ ਅਸੀਂ ਆਜ਼ਾਦ

ਭਾਰਤ ਵਿਚ ਆਪਣੇ ਹੱਕਾਂ ਲਈ ਸ਼ਾਂਤੀ ਪੂਰਵਕ ਪਰਦਰਸ਼ਨ ਵੀ ਨਹੀਂ ਕਰ ਸਕਦੇ। ਇਸ ਕਰਕੇ ਸਮੂਹ ਪੰਜਾਬੀਆਂ ਦੀਆਂ ਭਾਵਨਾਵਾਂ ਭੜਕ ਉਠੀਆਂ।

ਅਜਿਹੇ ਵਤੀਰੇ ਕਾਰਨ ਅੰਦੋਲਨ ਦੇ ਮੁਖੀ ਸੰਤ ਫਤਹਿ ਸਿੰਘ ਜੀ ਨੇ ਖੁਦ ਆਪ ਮਰਨ ਵਰਤ ਰਖਿਆ। ਤਦ ਨਹਿਰੂ ਸਰਕਾਰ ਨੇ ਦੁਬਾਰਾ ਤੋਂ ਆਪਣੀਆਂ ਕੁਟਲ ਚਾਲਾਂ ਚਲਣੀਆਂ ਸ਼ੁਰੂਕਰ ਦਿੱਤੀਆਂ ਅਤੇ ਸੰਤ ਫਤਹਿ ਸਿੰਘ ਦੇ ਪ੍ਰਤੀਨਿਧੀਆਂ ਨੂੰ ਆਪਣੇ ਜਾਲ ਵਿਚ ਵਲਾ-ਫੁਸਲਾ ਕੇ ਝੂਠੇ ਵਾਅਦੇ ਕਰਕੇ ਉਸ ਦਾ ਵਰਤ ਤੁੜਵਾ ਦਿੱਤਾ ਅਤੇ ਅੰਦੋਲਨ ਨੂੰ ਭਾਰੀ ਨੁਕਸਾਨ ਪਹੁੰਚਾਇਆ। ਇਸ ਤੋਂ ਬਾਅਦ ਮੁੱਖ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਜੀ ਨੇ ਵੀ ਮਰਨ ਵਰਤ ਰਖਿਆ ਤਾਂ ਜੋ ਨਹਿਰੂ ਸਰਕਾਰ ਨੂੰ ਲੋਕ ਤਾਂਤ੍ਰਿਕ ਵਿਧੀ ਨਾਨ ਪੰਜਾਬ ਵੰਡ ਲਈ ਮਜਬੂਰ ਕੀਤਾ ਜਾ ਸਕੇ ਪਰ ਫਿਰ ਵੀ ਨਹਿਰੂ ਸਰਕਾਰ ਦੀਆਂ ਨੀਤੀਆਂ ਵਿਚ ਕੋਈ ਅੰਤਰ ਨਹੀਂ ਆਇਆ। ਉਹ ਟੱਸ ਤੋਂ ਮੱਸ ਨਾ ਹੋਈ। ਸਗੋਂ ਸਰਕਾਰ ਛੱਲ-ਕਪਟ ਦੀਆਂ ਨੀਤੀਆਂ ਨਾਲ ਅਕਾਲੀਆਂ ਵਿਚ ਫੁੱਟ ਪਾ ਕੇ ਝੂਠੇ ਵਾਅਦਿਆਂ ਦੁਆਰਾ ਮਾਸਟਰ ਤਾਰਾ ਸਿੰਘ ਜੀ ਦਾ ਵਰਤ ਤੁੜਵਾਉਂਣ ਵਿਚ ਸਫਲ ਹੋ ਗਈ। ਇਸ ਤਰ੍ਹਾਂ ਪੰਜਾਬੀ ਸੂਬੇ ਦਾ ਪੰਜਾਬ ਦੀ ਵੰਡ ਲਈ ਅਕਾਲੀ ਅੰਦੋਲਨਾਂ ਨੂੰ ਸਿਖਰ ਤੱਕ ਪਹੁੰਚਾਉਂਣ ਦੇ ਬਾਵਜੂਦ ਵੀ ਇਹ ਲੋਕ ਨਹਿਰੂ ਦੀ ਕੁਟਿਲ ਨੀਤੀ ਦੇ ਕਾਰਨ ਸਫਲ ਨਹੀਂ ਹੋ ਸਕੇ ਸਨ। ਜਦੋਂ 27 ਮਈ, 1964 ਨੂੰ ਨਹਿਰੂ ਜੀ ਦਾ ਦੇਹਾਂਤ ਹੋਇਆ ਤਾਂ ਉਸਦੇ ਉਤਰਾਧਿਕਾਰੀ ਲਾਲ ਬਹਾਦਰ ਸ਼ਾਸਤਰੀ ਜੀ ਬਣੇ। ਸ਼ਾਸਤਰੀ ਜੀ ਦੇ ਸ਼ਾਸਨਕਾਲ ਵਿਚ ਸੰਨ 1965 ਵਿਚ ਪਾਕਿਸਤਾਨ ਨਾਲ ਭਿਅੰਕਰ ਯੁੱਧ ਹੋਇਆ। ਇਸ ਦਾ ਮੁੱਖ ਸਥਾਨ ਪੰਜਾਬ ਦੀ ਵਾਘਾ ਅਤੇ ਅਟਾਰੀ ਸਰਹੱਦ ਸੀ। ਇਥੇ ਦੇ ਲੋਕਾਂ ਨੇ ਸੈਨਾ ਦੇ ਮੋਢੇ ਨਾਲ ਮੋਢਾ ਮਿਲਾ ਕੇ ਸਾਥ ਦਿੱਤਾ। ਇਸ ਯੁੱਧ ਵਿਚ ਸਿੱਖ ਰਜ਼ਮੈਂਟਾਂ ਨੇ ਬਹੁਤ ਹੀ ਵੀਰਤਾ ਪੂਰਨ ਕੁਝ ਅਦਭੁਤ ਕਾਰਨਾਮੇ ਕਰ ਦਿਖਾਏ। ਇਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਤਤਕਾਲੀਨ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ ਲੰਮੇ ਸਮੇਂ ਤੋਂ ਚਲੀ ਆ ਰਹੀ 'ਪੰਜਾਬ ਦੀ ਵੰਡ' ਦੀ ਮੰਗ ਨੂੰ ਤੁਰੰਤ ਸਵੀਕਾਰ ਕਰ ਲਿਆ। ਇਸ ਲਈ ਇੱਕ ਕਮੇਟੀ ਬਣਾਈ ਗਈ ਜਿਸ ਦਾ ਮੁਖੀਆ ਲੋਕ ਸਭਾ ਦੇ ਸਪੀਕਰ ਹੁਕਮ ਸਿੰਘ ਜੀ ਨੂੰ ਬਣਾਇਆ ਗਿਆ।

## ਲਾਲ ਬਹਾਦੁਰ ਸ਼ਾਸਤ੍ਰੀ ਜੀ ਦਾ ਦੇਹਾਂਤ

ਭੂਤਪੂਰਵ ਪ੍ਰਧਾਨ ਮੰਤ੍ਰੀ ਸ੍ਰੀ ਲਾਲ ਬਹਾਦੁਰ ਜੀ ਨੇ ਤਾਸ਼ਕੰਦ ਸਮਝੋਤੇ ਦੇ ਤੁਰੰਤ ਬਾਦ ਆਪਣੇ ਘਰ ਆਪਣੇ ਪਰਿਵਾਰ ਨਾਲ ਗਲਬਾਤ ਕੀਤੀ। ਉਹ ਉਸ ਸਮੇਂ ਬਿਲਕੁਲ ਠੀਕ-ਠਾਕ (ਤੰਦਰੁਸਤ) ਸਨ। ਉਨ੍ਹਾਂ ਨੇ ਉਥੇ ਸੋਣ ਤੋਂ ਪਹਿਲ ਦੁਧ ਦਾ ਗਿਲਾਸ ਪੀਤਾ। ਕੁਝ ਸਮੇਂ ਬਾਦ ਉਨ੍ਹਾਂ ਨੂੰ ਸੀਨੇ ਵਿਚ ਦਰਦ ਮਹਿਸੂਸ ਹੋਇਆ ਤਾਂ ਕੁਝ ਹੀ ਪੱਲਾਂ ਵਿਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਸ਼ੱਕੀ ਹਾਲਤਾਂ ਵਿਚ ਹੋਈ। ਉਨ੍ਹਾਂ ਦਾ ਪਾਰਥੀਵ ਸ਼ਰੀਰ ਸੁਦੇਸ਼ ਲਿਆਦਾ ਗਿਆ ਪਰੰਤੁ ਮਿਰਤਕ ਦੇਹ ਦਾ ਪੋਸਟਮਾਰਟਮ ਕਿਉਂਕਿ ਨਹੀਂ ਕਰਵਾਇਆ ਗਿਆ? ਅਜੇਹੀ ਸ਼ਕੀ ਹਲਾਤਾਂ ਵਿਚ ਕੁਝ ਵਡੇ ਰਾਜਨੀਤੀਕਾਂ ਦਾ ਮਤ ਸੀ ਕਿ ਹੋ ਸਕਦਾ ਹੈ ਸੱਤਾ ਹਥਿਆਣੇ ਦੇ ਲਈ ਉਨ੍ਹਾਂ ਦੀ ਹਤਿਆ ਕਰਵਾਈ ਗਈ ਹੋਵੇ?

## ਨੇਹਰੂਪਰਿਵਾਰ ਦੀ ਵੰਸ਼ਾਵਲੀ

ਇਕ ਸਰੋਤਾ ਨੇ ਬੀ.ਬੀ.ਸੀ. ਨੂੰ ਜਿਗਿਆਸਾ ਵਸ ਇਕ ਸੁਆਲ ਕੀਤਾ, ਕ੍ਰਿਪਾ ਕਰਕੇ ਨੇਹਰੂਪਰਿਵਾਰ ਦੀ ਵੰਸਾਵਲੀ ਦਸਣ ਦੀ ਕ੍ਰਿਪਾਲਤਾ ਕਰੋ ਜੀ?

ਜੁਆਬ ਵਿਚ ਉਨ੍ਹਾਂ ਨੇ ਕਹਿਆ-ਸਨ 1857 ਈ.ਦੇ ਗੱਦਰ ਦੇ ਵਕਤ ਕਸ਼ਮੀਰ ਦੇ ਕੌਲ ਪਰਿਵਾਰ ਦੇ ਕੁਝ ਜੁਆਨ ਬਹਾਦੁਰਸ਼ਾਹ ਜ਼ਫਰ ਦੀ ਫੌਜ ਵਿਚ ਸਨ। ਜਿਨ੍ਹਾਂ ਦਾ ਉਸ ਸਮੇਂ ਸਰਕਾਰੀ ਖਜ਼ਾਨੇ ਤੇ ਪਹਰਾ ਸੀ । ਇਸ ਗਾਰਡ ਦਾ ਕਮਾਂਡਰ ਹੀਰਾ ਲਾਲ ਕੌਲ ਸੀ। ਜਿਸ ਤਰ੍ਹਾਂ ਹੀ ਅੰਗ੍ਰੇਜ਼ਾਂ ਦਾ ਦਿੱਲੀ ਤੇ ਕਬਜ਼ਾ ਸੁਨਿਸ਼ਚਿਤ ਹੋਇਆ। ਸਮੇਂ ਦੀ ਨਜ਼ਾਕਤ ਨੂੰ ਧਿਆਨ ਵਿਚ ਰਖਦੇ ਹੋਏ ਹੀਰਾ ਲਾਲ ਨੇ ਖਜ਼ਾਨੇ ਵਿਚੋਂ ਬਹੁਮੂਲੇ ਰਤਨਾਂ ਤੇ ਹਥ ਸਾਫ ਕਰ ਦਿਤਾ ਅਤੇ ਖੁਦ ਅੰਗ੍ਰੇਜਾਂ ਦਾ ਪਿੱਠੂਬਣ ਗਿਆ ਇਸ ਤਰ੍ਹਾਂ ਉਸ ਨੇ ਅੰਗ੍ਰੇਜ਼ਾ ਨੂੰ ਖਜ਼ਾਨੇ ਦਾ ਭੇਦ ਦੇ ਦਿਤਾ। ਇਸ ਤੇ ਅੰਗ੍ਰੇਜਾਂ ਨੇ ਉਸ ਨੂੰ ਇਨਾਮ ਵਜੋਂ ਇੱਲਾਹਬਾਦ ਵਿਚ ਇਕ ਨੇਹਰ ਦੇ ਕੰਡੇ ਬਹੁਤ ਸਾਰੀ ਜਮੀਨ ਦੇ ਦਿਤੀ।

ਇਸ ਪ੍ਰਕਾਰ ਇਹ ਪਰਿਵਾਰ ਨੇਹਰੂਅਖਵਾਂਇਆ। ਹੀਰਾ ਲਾਲ ਦਾ ਇਕ ਮੁੰਡਾ ਸੀ ਮੋਤੀ ਲਾਲ ਜਿਸ ਨੂੰ ਹੀਰਾਲਾਲ ਨੇ ਅਮੀਰ ਹੋਣ ਕਾਰਣ ਵਕਾਲਤ ਕਰਵਾਈ। ਅਗੇ ਮੋਤੀ ਲਾਲ ਦਾ ਇਕ ਮੂੰਡਾ ਸੀ ਜਵਾਹਰ ਲਾਲ ਜੋ ਕਿ ਕਾਂਗ੍ਰੇਸ ਪਾਰਟੀ ਵਿਚ ਹੋਣ ਕਾਰਣ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ।

ਸ਼ਾਸਤਰੀ ਜੀ ਦਾ ਅਚਾਨਕ 11 ਜਨਵਰੀ 1966 ਨੂੰ ਤਾਂਸ਼ਕੰਦ ਵਿਚ ਦੇਹਾਂਤ ਹੋ ਗਿਆ। ਉਨ੍ਹਾਂ ਤੋਂ ਬਾਅਦ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ-ਮੰਤਰੀ ਬਣ ਗਈ ਉਸਨੇ ਤੁਰੰਤ ਕਮੇਟੀ ਦੇ ਮੁਖੀ ਹੁਕਮ ਸਿੰਘ ਨੂੰ ਹਟਾਕੇ ਗੁਲਜਾਰੀ ਲਾਲ ਨੰਦਾ ਨੂੰ ਪੰਜਾਬ ਦੀ ਵੰਡ ਦਾ ਕੰਮ ਸੌਂਪ ਦਿੱਤਾ। ਗੁਲਜਾਰੀ ਲਾਲ ਨੰਦਾ ਨੇ ਇੰਦਰਾ ਦੀ ਇੱਛਾ ਅਨੁਸਾਰ ਪੰਜਾਬ ਦੀ ਬਾਂਦਰ ਵੰਡ ਕਰ ਦਿੱਤੀ। ਇਸ ਬਾਂਦਰ ਵੰਡ ਵਿਚ ਉਸ ਸਮੇਂ ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਦੇ ਕੁਲ ਪਾਣੀ ਵਿਚੋ 40% ਹਰਿਆਣੇ ਨੂੰ ਮਿਲੇਗਾ ਅਤੇ 60% ਪੰਜਾਬ ਨੂੰ।

## ਆਨੰਦਪੁਰ ਸਾਹਿਬ ਦਾ ਮੱਤਾ

ਆਨੰਦਪੁਰ ਸਾਹਿਬ ਵਾਲੇ ਮੱਤੇ ਅਨੁਸਾਰ ਦੇਸ਼ ਦੇ ਸੰਘੀਏ ਢਾਂਚੇ ਵਿਚ ਇਕ ਵਿਸ਼ੇਸ ਮੰਗ ਕੀਤੀ ਗਈ ਸੀ ਜਿਸ ਦੇ ਅੰਤਰਗਤ ਕੇਂਦਰ ਕੋਲ, ਰਖਿਆਂ, ਮੁਦਰਾ (ਵਿਤ), ਦੂਰ-ਸਨਚਾਰ ਅਤੇ ਵਿਦੇਸ਼ ਮੰਤ੍ਰਾਲੇ ਆਦਿ ਹੋਵਨ ਬਾਕੀ ਵਿਭਾਗਾ ਦੇ ਕਮਾਂ ਦਾਂ ਪ੍ਰਾਂਤਾ ਨੂੰ ਅਧੀਕਾਰ ਦਿਤੇ ਜਾਣ। ਇਹ ਮੰਗ ਉਸ ਸਮੇਂ ਹੋਰ ਬਹੁਤ ਸਾਰੇ ਸੁਬੇ ਵੀ ਕਰ ਰਹੇ ਸਨ।

## ਇੰਦਰਾ ਗਾਂਧੀ ਦੀ ਵੋਟ ਬੈਂਕ ਨੀਤੀ ਦੀ ਸਾਜਿਸ ਦਾ ਸ਼ਿਕਾਰ ਸਿੱਖ ਜਗਤ

ਜਿਵੇਂ ਕਿ ਤੁਸੀਂ ਪਿਛਲੇ ਅਧਿਆਏ ਵਿਚ ਪੜ੍ਹ ਚੁੱਕੇ ਹੋ ਕਿ ਇੰਦਰਾ ਗਾਂਧੀ ਸਿੱਖ- ਜਗਤ ਨਾਲ ਈਰਖਾ ਕਰਦੀ ਸੀ। ਉਹ ਆਪਣੇ ਪਿਤਾ ਦੇ ਨਕਸ਼ੇ-ਕਦਮਾਂ ਤੇ ਚਲ ਰਹੀ ਸੀ। ਉਹ ਸਿੱਖਾਂ ਨੂੰ ਸ਼ਕਤੀਹੀਣ ਅਤੇ ਲਾਚਾਰ ਵੇਖਣਾ ਚਾਹੁੰਦੀ ਸੀ। ਇਸ ਦਾ ਉਦਾਰਨ ਉਸਦੇ ਸ਼ਾਸਨ ਕਾਲ

ਵਿਚ ਪੰਜਾਬ ਦੀ ਰਾਜਧਾਨੀ, ਵਿਧੁਤ-ਉਤਪਾਦਕ ਸਯੰਤਰ (ਭਾਖੜਾ ਪਰਿਯੋਜਨਾ ਅਤੇ ਜਲ-ਸੋਮੇ (ਨਦੀਆਂ ਦਾ ਪਾਣੀ) ਆਦਿ ਤੇ ਡਾਕਾ ਮਾਰ ਕੇ ਇਨ੍ਹਾਂ ਨੂੰ ਕੇਂਦਰ ਦੇ ਕੰਟਰੋਲ ਵਿਚ ਰੱਖ ਕੇ ਅਕਾਲੀ ਦਲ ਅਤੇ ਪੰਜਾਬ ਨਾਲ ਠੱਗੀ ਮਾਰੀ। ਫਿਰ ਅਕਾਲੀ ਦਲ ਨੇ ਇਨ੍ਹਾਂ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਬਹੁਤ ਅੰਦੋਲਨ ਚਲਾਏ ਪਰ ਇੰਦਰਾ ਦੀਆਂ ਕੋਝੀਆਂ ਚਾਲਾਂ ਕਰਕੇ ਅਨੇਕਾਂ ਵਾਰ ਅਸਫਲ ਹੀ ਰਹੇ।

ਸੰਨ 1966 ਵਿਚ ਪੰਜਾਬ ਦੇ ਬਟਵਾਰੇ ਦੇ ਪਿਛੇ ਅਕਾਲੀਆਂ ਦੀ ਮੁੱਖ ਤਮੰਨਾ ਸੀ ਕਿ ਵਿਧਾਨ ਸਭਾ ਵਿਚ ਉਨ੍ਹਾਂ ਦਾ ਬਹੁਮਤ ਹੋਵੇ ਤਾਂ ਜੋ ਅਕਾਲੀ ਸਰਕਾਰ ਦੀ ਸਥਾਪਨਾ ਕੀਤੀ ਜਾ ਸਕੇ। ਪਰ ਇੰਦਰਾ ਸ਼ਾਸਨ ਕਾਲ ਵਿਚ ਉਹ ਦਸ ਸਾਲਾਂ ਵਿਚ ਤਿੰਨ ਵਾਰ ਸਰਕਾਰ ਬਣਾਉਂਣ ਤੇ ਵੀ ਉਸ ਨੂੰ ਚਲਾ ਨਹੀਂ ਸਕੇ ਕਿਉਂਕਿ ਕੇਂਦਰ ਵਿਚ ਬੈਠੀ ਇੰਦਰਾ ਸਰਕਾਰ ਇਨ੍ਹਾਂ ਨੂੰ ਆਪਣੀਆਂ ਕੋਝੀਆਂ ਚਾਲਾਂ ਦੇ ਚੱਕਰਵਿਊ ਵਿਚ ਫਸਾ ਕੇ ਅਸਫਲ ਕਰ ਦੇਂਦੀ, ਫਲਸਰੂਪ ਅਕਾਲੀ ਨਾਰਾਜ਼ ਸਨ। ਇਸ ਸਮੇਂ ਪੂਰੇ ਦੇਸ਼ ਵਿਚ ਇੰਦਰਾ ਗਾਂਧੀ ਦੀਆਂ ਤਾਨਾਸ਼ਾਹੀ ਨੀਤੀਆਂ ਦਾ ਸਖਤ ਵਿਰੋਧ ਹੋ ਰਿਹਾ ਸੀ। ਸਾਰੀਆਂ ਰਾਜਨੀਤਕ ਪਾਰਟੀਆਂ ਦੇ ਅਨੁਸਾਰ ਇੰਦਰਾ ਦਾ ਸ਼ਾਸਨ ਕਹਿਣ ਨੂੰ ਹੀ ਲੋਕਤੰਤਰ ਸੀ, ਅਸਲ ਵਿਚ ਤਾਨਾਸ਼ਾਹ ਸੀ, ਕਿਉਂਕਿ ਇੰਦਰਾ ਸਾਰੇ ਕੰਮ ਏਕਾ-'ਅਧਿਕਾਰ ਨਾਲ ਕਰਦੀ ਸੀ ਅਰਥਾਤ ਮਨ-ਮਾਨੀ ਕਰਦਿਆਂ ਉਹ ਸੰਸਦ ਦੇ ਮੈਂਬਰਾਂ ਨੂੰ ਵੀ ਵਿਸ਼ਵਾਸ਼ ਵਿਚ ਲੈਣ ਦੀ ਲੋੜ ਨਹੀਂ ਸਮਝਦੀ ਸੀ, ਇਸ ਗੱਲ ਨੂੰ ਲੈ ਕੇ ਉਸਦੇ ਵਿਰੁਧ, ਵਿਰੋਧੀ ਪਾਰਟੀਆਂ ਵਿਚ ਬਹੁਤ ਗੁੱਸਾ ਸੀ। ਉਹ ਪੂਰੇ ਭਾਰਤ ਵਿਚ ਜਨ-ਅੰਦੋਲਨ ਚਲਾਉਂਣ ਤੇ ਉਤਾਰੂ ਹੋ ਗਏ।

ਉਨ੍ਹਾਂ ਦਿਨ੍ਹਾਂ ਵਿਚ ਇੰਦਰਾ ਗਾਂਧੀ ਨੇ ਆਪਣਾ ਵੋਟ ਬੈਂਕ ਬਣਾਉਂਣ ਲਈ **'ਗਰੀਬੀ ਹਟਾਓ'** ਨਾਅਰੇ ਲਾਏ ਅਤੇ ਵੀਹ ਸੂਤਰੀ ਪ੍ਰੋਗਰਾਮ ਚਲਾਇਆ। ਇਸ ਦੇ ਨਾਲ ਹੀ ਉਸ ਦੇ ਪੁੱਤਰ ਸੰਜੇ ਗਾਂਧੀ ਨੇ ਚਾਰ ਸੂਤਰੀ ਪ੍ਰੋਗਰਾਮ ਪੇਸ਼ ਕੀਤਾ। ਜਿਸ ਨੂੰ ਜਨਤਾ ਨੇ ਇੱਕ ਛੱਲ-ਕਪਟ ਦੱਸ ਕੇ ਇਸ ਪ੍ਰੋਗਰਾਮ ਨੂੰ 4+20= 420ਸੀ, (ਚਾਰ ਸੌ ਬੀਸੀ) ਦਾ ਨਾਮ ਦੇ ਠੁਕਰਾ ਦਿੱਤਾ। ਉਸੇ ਸਮੇਂ ਇਲਾਹਾਬਾਦ ਹਾਈਕੋਰਟ ਵਿਚ ਦਾਇਰ ਕੀਤੀ ਗਈ ਰਾਜ ਨਰਾਇਣ ਦੀ ਰਿੱਟ ਦਾ ਫੈਸਲਾ ਆ

ਗਿਆ ਜੋ ਉਸਨੇ ਇੰਦਰਾ ਦੇ ਵਿਰੁੱਧ ਚੋਣਾਂ ਵਿਚ ਧਾਂਦਲੀ ਕਰਨ ਕਰਕੇ ਕੀਤੀ ਸੀ। ਇੰਦਰਾ ਦੀ ਚੋਣ ਰੱਦ ਕਰ ਦਿੱਤੀ ਗਈ ਸੀ।

ਛਲ-ਕਪਟ ਦੇ ਚੱਕਰਵਿਊ ਰਚਨ ਵਿਚ ਨਿਪੁੰਣ ਇੰਦਰਾ ਨੇ ਉਸੇ ਸਮੇਂ ਚੋਣ ਰੱਦ ਕਰਨ ਦੇ ਆਦੇਸ਼ ਤੇ ਰੋਕ ਲਗਵਾਈ ਅਤੇ ਰਾਸ਼ਟਰਪਤੀ ਨੂੰ ਆਪਣੇ ਵਿਸ਼ਵਾਸ਼ ਵਿਚ ਲੈ ਕੇ ਪੂਰੇ ਦੇਸ਼ ਵਿਚ ਸੰਕਟਕਾਲ ਦਾ ਐਲਾਨ ਕਰਵਾ ਦਿੱਤਾ। ਸੰਵਿਧਾਨ ਦੀ ਲੋਕ ਰਾਜ ਪ੍ਰਨਾਲੀ ਨੂੰ ਭੰਗ ਕਰ ਦਿੱਤਾ ਗਿਆ। ਅਜਿਹਾ ਹੋਣ ਤੇ ਲੋਕ ਨਾਇਕ ਜੈ ਪ੍ਰਕਾਸ਼ ਨਰਾਇਣ ਜੀ ਦੀ ਅਗਵਾਈ ਵਿਚ ਸਾਰੇ ਵਿਰੋਧੀ ਦਲਾਂ ਨੇ ਸੰਯੁਕਤ ਰੂਪ ਵਿਚ ਇੰਦਰਾ ਵਿਰੋਧੀ ਅੰਦੋਲਨ ਸ਼ੁਰੂ ਕੀਤਾ। ਇਸ ਵਿਰੋਧੀ ਗੁੱਟ ਵਿਚ ਅਕਾਲੀ ਦਲ ਵੀ ਸ਼ਾਮਲ ਹੋ ਗਿਆ।

ਇੰਦਰਾ ਗਾਂਧੀ ਨੇ ਤੁਰੰਤ ਅੰਦੋਲਨ ਕਾਰੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਬੰਦੀ ਬਣਾ ਲਿਆ, ਇਨ੍ਹਾਂ ਬੰਦੀਆਂ ਦੀ ਕੁਲ ਸੰਖਿਆ (1,40,000) ਇੱਕ ਲੱਖ ਚਾਲੀ ਹਜ਼ਾਰ ਸੀ। ਇਨ੍ਹਾਂ ਵਿਚ ਸੱਠ ਹਜ਼ਾਰ (60,000) ਅਕਾਲੀ ਕਾਰਜ ਕਰਤਾ ਸਨ।

ਕੁਝ ਹੀ ਦਿਨਾਂ' ਚ ਅੰਦੋਲਨ ਤੋਂ ਦੇਸ਼ ਭਰ ਦੀਆਂ ਦੂਜੀਆਂ ਪਾਰਟੀਆਂ ਨੇ ਹੌਲੀ-ਹੌਲੀ ਦਮਤੋੜ ਕੇ ਪਾਸਾ ਵੱਟ ਲਿਆ ਅਤੇ ਉਹ ਅੰਦੋਲਨ ਛੱਡ ਕੇ ਪਿਛੇ ਹਟਣ ਲੱਗੇ ਪਰ ਅਕਾਲੀ ਕਾਰਜ ਕਰਤਾ ਜਿਉਂ ਦੇ ਤਿਓਂ ਅੰਦੋਲਨ ਨੂੰ ਅਗੇ ਵਧਾਉਂਦੇ ਚਲੇਦ ਗਏ, ਓਹ ਟੱਸ-ਤੋਂ-ਮੱਸ ਨਹੀਂ ਹੋਏ। ਇਹ ਵੇਖ ਕੇ ਇੰਦਰਾ ਭੈ-ਭੀਤ ਹੋ ਗਈ, ਉਹ ਜਾਣਦੀ ਸੀ ਕਿ ਉਹ ਦੂਜੇ ਦਲਾਂ ਨੂੰ ਅਜਿਹਾ ਸਬਕ ਸਿਖਾ ਸਕਦੀ ਹੈ ਕਿ ਉਹ ਉਸ ਦੇ ਰਾਹ ਵਿਚ ਕਦੇ ਵੀ ਅੜਨ ਗੇ ਨਹੀਂ । ਪਰ ਉਹ ਇਹ ਵੀ ਜਾਣਦੀ ਸੀ ਕਿ ਉਹ ਅਕਾਲੀ ਅੰਦੋਲਨ ਨੂੰ ਕਦੇ ਵੀ ਨਹੀਂ ਕੁਚਲ ਸਕਦੀ ਕਿਉਂਕਿ ਉਨ੍ਹਾਂ ਦਾ ਪਿਛਲਾ ਇਤਿਹਾਸ ਹਰ ਵਾਰ ਉਨ੍ਹਾਂ ਦੀ ਬਹਾਦਰੀ ਸਪਸ਼ਟ ਕਰ ਰਿਹਾ ਸੀ। ਤਦ ਉਸ ਨੇ ਇੱਕ ਕੂਟਲ ਚਾਲ ਅਪਨਾਈ ਅਤੇ ਅਕਾਲੀ ਨੇਤਾਵਾਂ ਨੂੰ ਕਿਹਾ, ਜੇ ਉਹ ਉਸਦੇ ਵਿਰੁੱਧ ਆਪਣਾਂ ਅੰਦੋਲਨ ਖਤਮ ਕਰ ਦੇਣ ਤਾਂ ਉਹ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਬਿਨ੍ਹਾਂ ਸ਼ਰਤ ਮੰਨਣ ਲਈ ਤਿਆਰ ਹੈ। ਇਸ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਨਾਲ ਅਕਾਲੀ ਨੇਤਾ ਜਾਲ ਵਿਚ

ਫਸ ਗਏ ਤੇ ਆਪਸੀ ਮਤਭੇਦ ਦਾ ਸ਼ਿਕਾਰ ਹੋ ਗਏ। ਕੁਝ ਨੇਤਾਵਾਂ ਦੇ ਅਨੁਸਾਰ ਇਸ ਮੌਕੇ ਦਾ ਲਾਭ ਲੈਣਾਂ ਚਾਹੀਦਾ ਹੈ, ਪਰ ਕੁਝ ਦੂਜੇ ਨੇਤਾਵਾਂ ਦਾ ਇਹ ਕਹਿਣਾਂ ਸੀ ਕਿ ਉਹ ਆਪਣੇ ਆਪ ਨੂੰ ਇਸ ਅੰਦੋਲਨ ਤੋਂ ਅੱਲਗ ਨਹੀ ਕਰ ਸਕਦੇ ਕਿਉਂਕਿ ਉਹ ਵਚਨਬੱਧ ਹਨ। ਅੰਤ ਵਿਚ ਟਹੁੜਾ ਗਰੁਪ ਨੇ ਇੰਦਰਾ ਦੀ ਗੱਲ ਮਨਣ ਤੋਂ ਅਸਮਰਥਾ ਦਸੀ। ਇਸ ਪ੍ਰਕਾਰ ਬਾਦਲ ਗਰੁਪ ਵਚਨਬੱਧਤਾ ਦੀ ਨੀਤੀ ਨੂੰ ਅੱਗੇ ਵਧਾਉਂਦੇ ਹੋਏ ਅੰਦੋਲਨ ਨੂੰ ਹੋਰ ਵਧੇਰੇ ਗਤੀਸ਼ੀਲ ਬਣਾਉਂਦੇ ਗਏ।

ਇਸੇ ਦੌਰਾਨ ਭਾਰਤ ਦੀਆਂ ਕਈ ਜੇਲਾਂ ਵਿਚ ਕੈਦ, ਵਿਰੋਧੀ ਦਲਾਂ ਦੇ ਨੇਤਾਵਾਂ ਨੇ ਮਿਲ ਕੇ ਇੱਕ ਨਵੇਂ ਦਲ ਦਾ ਗਠਨ ਕੀਤਾ ਜਿਸ ਦਾ ਨਾਮ **'ਜਨਤਾ ਪਾਰਟੀ'** ਰਖਿਆ। ਇਸ ਸੰਯੁਕਤ ਦਲ ਦੇ ਮੁੱਖ ਨੇਤਾ ਜੈ ਪ੍ਰਕਾਸ਼ ਨਰਾਇਣ ਜੀ ਸਨ। ਇਨ੍ਹਾਂ ਦੀ ਅਗਵਾਈ ਵਿਚ ਦਲ ਨੇ ਨਵੀਆਂ ਚੋਣਾਂ ਲੜਨ ਦਾ ਫੈਸਲਾ ਕੀਤਾ।

**ਸੰਨ 1977 ਵਿਚ ਮਜ਼ਬੂਰ ਹੋ ਕੇ ਇੰਦਰਾ ਨੇ ਲਗਭਗ 1½ ਸਾਲ ਬਾਅਦ ਸੰਕਟ ਕਾਲੀਨ ਸ਼ਾਸਨ ਦੀ ਘੋਸ਼ਣਾ ਨੂੰ ਵਾਪਸ ਲੈ ਲਿਆ ਅਤੇ 'ਮੀਸਾ' ਕਾਨੂੰਨ ਦੇ ਅੰਤਰਗਤ ਕੈਦ ਕੀਤੇ ਸਾਰੇ ਵਿਰੋਧੀ ਦਲਾਂ ਦੇ ਨੇਤਾਵਾਂ ਨੂੰ ਰਿਹਾ ਕਰ ਦਿੱਤਾ। ਉਸਨੇ ਆਪਣਾ ਇੱਕ ਆਜ਼ਾਦ 'ਕਾਂਗਰਸ ਆਈ' ਨਾਮ ਦੇ ਦਲ ਦਾ ਪੁਨਰ ਗਠਨ ਕਰਕੇ 'ਗਾਂ-ਵੱਛਾ' ਚੋਣ ਚਿੰਨ੍ਹ ਨਾਲ ਚੋਣਾਂ ਲੜੀਆਂ ਪਰ ਸੰਕਟ ਕਾਲੀਨ ਸ਼ਾਸਨ ਵਿਵਸਥਾ ਵਿਚ ਜਨਤਾ ਦੇ ਨਾਲ ਕੀਤੀਆਂ ਵਧੀਕੀਆਂ ਦੇ ਕਾਰਨ ਇਸ ਵਾਰ ਉਹ ਬਹੁਤ ਬੁਰੀ ਤਰ੍ਹਾਂ ਹਾਰੀ। ਉਹ ਇਸ ਹਾਰ ਦਾ ਕਾਰਨ ਅਕਾਲੀਆਂ ਨੂੰ ਮੰਨਦੀ ਸੀ। ਉਸ ਦੇ ਅਨੁਸਾਰ ਜੇ ਕਦੇ ਅਕਾਲੀਆਂ ਨੇ ਸ੍ਰੀ ਜੈ ਪ੍ਰਕਾਸ਼ ਨਰਾਇਣ ਦਾ ਸਮਰਥਨ ਨਾ ਕੀਤਾ ਹੁੰਦਾ ਤਾਂ ਉਹ ਇਨ੍ਹਾਂ ਲੋਕਾਂ ਨੂੰ ਬੁਰੀ ਤਰ੍ਹਾਂ ਕੁਚਲ ਸਕਦੀ ਸੀ। ਇਸ ਕਰਕੇ ਉਸ ਨੇ ਮਨ ਹੀ ਮਨ ਇਹ ਸਹੁੰ ਖਾ ਲਈ ਕਿ ਜੇ ਉਹ ਦੁਬਾਰਾ ਤਾਕਤ ਵਿਚ ਆਈ ਤਾਂ ਅਕਾਲੀਆਂ ਨੂੰ ਸਦਾ ਦੇ ਲਈ ਦੇਸ਼ ਦੀ ਮੁੱਖ ਧਾਰਾ ਤੋਂ ਬਾਹਰ ਕੱਢ ਦੇਵੇਗੀ। ਜਿਸ ਨਾਲ ਉਨ੍ਹਾਂ ਦੀ ਹੋਂਦ ਹੀ ਖਤਮ ਹੋ ਜਾਵੇਗੀ।**

ਜਨਤਾ ਦਲ ਦੀ ਆਪਸੀ ਫੁੱਟ ਦੇ ਕਾਰਣ, ਉਨ੍ਹਾਂ ਦੀ ਕੇਂਦਰੀ ਸਰਕਾਰ 1979 ਦੇ ਅੰਤ

ਵਿਚ ਡਿੱਗ ਗਈ ਅਤੇ ਦੇਸ਼ ਵਿਚ ਮੱਧ-ਕਾਲੀ ਚੋਣਾਂ ਦੀ ਘੋਸ਼ਣਾ ਕਰ ਦਿੱਤੀ ਗਈ। ਇਸ ਵਾਰ ਫਿਰ ਤੋਂ 'ਕਾਗਰਸ ਆਈ' ਤਾਕਤ ਵਿਚ ਆ ਗਈ ਅਤੇ ਇੰਦਰਾ ਗਾਂਧੀ ਦੁਬਾਰਾ ਪ੍ਰਧਾਨ ਮੰਤਰੀ ਦੇ ਅਹੁਦੇ ਤੇ ਆਸ਼ਨ ਜਮਾ ਬੈਠੀ। ਹੁਣ ਉਸਨੇ ਆਪਣੇ ਦੁਸ਼ਮਣਾਂ ਨੂੰ ਸਦਾ ਦੇ ਲਈ ਟਿਕਾਣੇ ਲਾਉਂਣ ਦਾ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਸਨੇ ਅਕਾਲੀਆਂ ਨੂੰ ਸਦਾ ਦੀ ਨੀਂਦ ਸੁਆਉਂਣ ਦੀਆਂ ਯੋਜਨਾਵਾਂ ਬਣਾਈਆਂ।

ਸ਼ੁਰੂਆਤ ਉਸਨੇ ਸੈਨਾ ਵਿਚ ਸਿੱਖ ਜਵਾਨਾਂ ਦੀ ਭਰਤੀ ਦਾ ਕੋਟਾ ਘੱਟ ਕਰ ਕੇ 2% ਕਰਨ ਨਾਲ ਕੀਤੀ। ਦੂਜਾ ਪੰਜਾਬ ਵਿਚ ਊਰਜਾ ਦੀ ਕਮੀ ਪੈਦਾ ਕਰਨ ਦੇ ਲਈ ਨਿਰਧਾਰਿਤ ਡੀਜ਼ਲ ਸਪਲਾਈ ਦਾ ਕੋਟਾ ਘੱਟ ਕਰ ਦਿੱਤਾ। ਸਿੱਟੇ ਵਜੋਂ ਕਿਸਾਨਾਂ ਨੂੰ ਟਰੈਕਟਰਾਂ ਅਤੇ ਟਿਊਬਵੈੱਲਾਂ ਦੇ ਇੰਜਣਾਂ ਲਈ ਕਈ ਘੰਟੇ ਤੇਲ ਪੰਪਾਂ ਤੇ ਲਾਈਨਾਂ ਵਿਚ ਖੜੇ ਹੋਣ ਤੇ ਵੀ ਡੀਜਲ ਨਹੀਂ ਮਿਲਦਾ ਸੀ। ਇਸ ਤਰ੍ਹਾਂ ਊਰਜਾ ਸੰਕਟ ਪੈਦਾ ਕਰ ਦਿੱਤਾ ਗਿਆ, ਇੱਥੇ ਹੀ ਬਸ ਨਹੀਂ ਭਾਖੜਾ ਅਤੇ ਦੂਜੇ ਵਿਧੁਤ ਪਰਿਯੋਜਨਾਵਾਂ ਵਿਚੋਂ ਵੀ ਪੰਜਾਬ ਦੇ ਕੋਟੇ ਨੂੰ ਘੱਟ ਕਰ ਦਿੱਤਾ ਗਿਆ। ਇਸ ਕਰਕੇ ਪੰਜਾਬ ਦੀ ਖੇਤੀ-ਬਾੜੀ ਤੇ ਬਹੁਤ ਬੁਰਾ ਪ੍ਰਭਾਵ ਪਿਆ। ਕਿਸਾਨ ਗਰੀਬ ਹੁੰਦੇ ਗਏ ਤੇ ਪੰਜਾਬ ਵਿਚ ਆਰਥਿਕ ਸੰਕਟ ਪੈਦਾ ਹੋ ਗਿਆ।

13 ਅਪ੍ਰੈਲ 1978 ਦੀ ਵਿਸਾਖੀ ਮੌਕੇ ਨਕਲੀ ਨਿਰੰਕਾਰੀਆਂ ਵਲੋਂ ਕੀਤੇ 13 ਸਿੰਘਾਂ ਦਾ ਕਤਲੇਆਮ ਕਾਰਣ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬਹੁਤ ਸਾਰੀਆਂ ਨੌਜਵਾਨ ਖਾੜਕੂ ਜੱਥੇਬੰਦੀਆਂ ਹੋਂਦ ਵਿਚ ਆ ਗਈਆਂ ਸਨ। ਜਿਨ੍ਹਾਂ ਨੂੰ ਜੱਥੇ ਬੰਦ ਕਰਣ ਦੀ ਜਰੂਰਤ ਮਹਿਸੂਸ ਹੋ ਗਈ ਸੀ। 6 ਅਗਸਤ 1978 ਦੇ ਦਿਨ ਇਨ੍ਹਾਂ ਯੁਵਕਾਂ ਦੇ ਟੋਲਿਆਂ ਨੂੰ ਇਕ ਜੱਥੇਬੰਦੀ ਹੇਠ ਲਿਆਂਦਾ ਗਿਆ ਅਤੇ ਇਸ ਦਾ ਨਾ 'ਦਲ ਖਾਲਸਾ' ਰਖਿਆ ਗਿਆ। ਇਹ ਇਕ ਧਰਮਿਕ ਜੱਥੇ ਬੰਦੀ ਸੀ ਪਰ ਉਨ੍ਹਾਂ ਦਿਨ੍ਹਾਂ ਵਿਚ ਇੰਦਰਾ ਗਾਂਧੀ ਸੱਤਾ ਤੋਂ ਬਾਰ ਸੀ ਉਹ ਮੁੜ ਸੱਤਾ ਹੱਥਿਆਉਂਣ ਲਈ ਕਿਸੀ ਰਾਜੀ ਸਕੱਤੀ ਦੀ ਭਾਲ ਵਿਚ ਸੀ। ਉਸ ਦੇ ਇਸ਼ਾਰੇ ਤੇ ਗਿਆਨੀ ਜ਼ੈਲ ਸਿੰਘ ਨੇ 'ਦਲ ਖਾਲਸੇ' ਨੂੰ ਸ਼ਿਰੋਮਣੀ ਕਮੇਟੀ ਦਿਆਂ ਚੋਣਾਂ ਲੜਨ ਲਈ ਤਿਆਰ ਕਰ ਲਿਆ। 'ਦਲ ਖਾਲਸਾ'

ਰਾਜਨੀਤੀ ਵਿਚ ਨਹੀਂ ਆਉਣਾਂ ਚਾਹੁੰਦਾ ਸੀ ਪਰ ਉਨ੍ਹਾਂ ਸ਼ਿਰੋਮਣੀ ਕਮੇਟੀ ਦਿਆਂ ਚੌਣਾਂ ਲੜਨ ਵਿਚ ਕੋਈ ਹਰਜ਼ ਵੀ ਨਾਂ ਸਮਝਿਆਂ। ਕਿਉਂਕਿ ਉਹ ਅਕਾਲੀ ਦਲ ਦੇ ਕਿਰਦਾਰ ਤੋਂ ਬਹੁਤ ਨਾਰਾਜ਼ ਸਨ। ਇਨ੍ਹਾਂ ਚੌਣਾਂ ਵਿਚ ਦਮਦਮੀ ਟਕਸਾਲ ਵਲੋਂ ਭਾਈ ਆਮਰੀਕ ਸਿੰਘ ਜੀ ਨੇ 'ਦਲ ਖਾਲਸਾ' ਦੀ ਟਿਕਟ ਤੇ ਅਕਾਲੀ ਦਲ ਦੇ ਜੀਵਨ ਸਿੰਘ ਉਮਰਾਨਗਲ ਦੇ ਵਿਰੁਧ ਚੌਣ ਲਈ ਪਰ ਉਹ ਹਾਰ ਗਏ ਕਿਉਂਕਿ ਉਮਰਾਨਗਲ ਨੇ ਚੌਣ ਜਿਤਣ ਲਈ ਝੂਠਾ ਪਰਚਾਰ ਕੀਤਾ ਕੀ 'ਦਲ ਖਾਲਸਾ' ਸਰਕਾਰੀਆਂ ਹੈ ਭਾਵ ਇਹ ਕਿ ਉਨ੍ਹਾਂ ਨੂੰ ਕਾਂਗ੍ਰੇਸ ਆਈ ਦਾ ਸਮਰਥਨ ਹਾਸਲ ਹੈ।

ਪੰਜਾਬੀ ਜਨਤਾ ਵਿਚ ਇੱਕ ਵਿਸ਼ਵਾਸ ਹੈ ਕਿ ਰਾਜਨੀਤਕ ਚੋਣਾਂ ਵਿਚ ਵੋਟ ਕਿਸੇ ਵੀ ਪਾਰਟੀ ਨੂੰ ਪਾਇਆ ਜਾਵੇ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਪਰ ਧਾਰਮਿਕ ਚੋਣਾਂ ਅਥਵਾ ਐਸ.ਜੀ.ਪੀ.ਸੀ ਦੀਆਂ ਚੋਣਾਂ ਵਿਚ ਵੱਟ ਕੇਵਲ ਅਕਾਲੀ ਦਲ (ਪੰਥ) ਨੂੰ ਹੀ ਦੇਣੀ ਹੈ, ਜਦੋਂ ਚੋਣਾਂ ਹੋਈਆਂ ਤਦ ਅਕਾਲੀ ਉਮੀਦਵਾਰਾਂ ਨੇ ਜਨਤਾ ਨੂੰ ਜਾਗਰਤ ਕਰਨ ਲਈ 'ਦਲ ਖਾਲਸਾ' ਨੂੰ ਇੰਦਰਾ ਸਰਕਾਰ ਦਾ ਏਜੰਟ ਦੱਸ ਕੇ ਉਸ ਦੀ ਆਲੋਚਨਾ ਕੀਤੀ। ਸਿੱਟੇ ਵਜੋਂ ਦਲ ਖਾਲਸਾ ਬੁਰੀ ਤਰ੍ਹਾਂ ਹਾਰ ਗਿਆ। ਇਸ ਪ੍ਰਕਾਰ ਇੰਦਰਾ ਗਾਂਧੀ ਦਾ ਐਸ.ਜੀ.ਪੀ.ਸੀ. ਨੂੰ ਆਪਣੇ ਕਾਬੂ ਵਿਚ ਲੈਣ ਦਾ ਸੁਪਨਾ ਮਿੱਟੀ ਵਿਚ ਮਿਲ ਗਿਆ।

**ਜਦੋਂ ਪੰਜਾਬ ਵਿਚ ਗਿਆਨੀ ਜੈਲ ਸਿੰਘ ਦੀ ਅਗਵਾਈ ਵਿਚ ਕਾਂਗਰਸ ਸਰਕਾਰ ਸਥਾਪਤ ਹੋਈ ਤਾਂ ਇੰਦਰਾ ਨੇ ਆਪਣੇ ਪਿੱਠੂ ਜੈਲ ਸਿੰਘ ਨੂੰ ਧਮਕਾ ਕੇ ਹਰਿਆਣਾ ਦੇ ਲਈ ਵਧੇਰੇ ਸਿੰਚਾਈ ਦੇ ਪਾਣੀ ਦੀ ਵਿਵਸਥਾ ਦੇ ਵਿਚਾਰ ਨਾਲ ਯਮੁਨਾ ਸਤਲੁਤ ਲਿੰਕ ਨਹਿਰ ਪਰਿਯੋਜਨਾ ਦੀ ਮਨਜੂਰੀ ਕਰਵਾ ਲਈ। ਇਸ ਫੈਸਲੇ ਤੇ ਪੰਜਾਬ ਦੀ ਸਮੂਹ ਜਨਤਾ ਨੇ ਬਹੁਤ ਇਤਰਾਜ ਕੀਤਾ ਕਿ ਪਹਿਲਾਂ ਤੋਂ ਹੀ ਸਾਡੇ ਖੂਹਾਂ ਦੇ ਪਾਣੀ ਦਾ ਲੈਵਲ ਬਹੁਤ ਹੇਠਾ ਚਲਾ ਗਿਆ ਹੈ। ਜੇ ਸਿੰਚਾਈ ਦੇ ਸਾਡੇ ਜਲ-ਸੋਮੇ ਇਸ ਤਰ੍ਹਾਂ ਖੋਹੇ ਗਏ ਤਾਂ ਸਾਡੀ ਖੇਤੀਬਾੜੀ ਨਸ਼ਟ ਹੋ ਜਾਵੇਗੀ। ਜਦੋਂ ਇੰਦਰਾ ਸੰਨ 1980 ਵਿਚ ਦੁਬਾਰਾ ਜਿੱਤ ਕੇ ਪ੍ਰਧਾਨ ਮੰਤਰੀ ਬਣੀ ਤਾਂ ਉਸਨੇ ਅਕਾਲੀਆਂ ਤੋਂ ਬਦਲਾ ਲੈਣ ਦੇ ਵਿਚਾਰ ਨਾਲ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਧਮਕਾ ਕੇ ਉਹ**

ਮੁਕਦਮਾ ਵਾਪਿਸ ਲੈਣ ਲਈ  ਕਿਹਾ, ਜਿਹੜਾ ਅਕਾਲੀ ਸਰਕਾਰ ਦੇ ਸ਼ਾਸਨ ਕਾਲ ਵਿਚ ਪਾਣੀ ਦੇ ਬਟਵਾਰੇ ਲਈ ਸੁਪਰੀਮ ਕੋਰਟ ਵਿਚ ਪਾਇਆ ਗਿਆ ਸੀ। ਅਕਾਲੀਆਂ ਦੇ ਅਨੁਸਾਰ ਪਾਣੀ ਦੀ ਵੰਡ ਸਮੇਂ ਯਮੁਨਾ ਦਾ ਪਾਣੀ ਵੀ ਇਸ ਵਿਚ ਸ਼ਾਮਲ ਹੋਣਾਂ ਚਾਹੀਦਾ ਹੈ। ਕਿਉਂਕਿ ਪੰਜਾਬ ਦੀ ਵੰਡ ਤੋਂ ਪਹਿਲਾਂ ਯਮੁਨਾ ਦਾ ਅੱਧਾ ਪਾਣੀ ਪੰਜਾਬ ਵਿਚ ਵਰਤਿਆ ਜਾਂਦਾ ਸੀ। ਪਰ ਇੰਦਰਾ ਨੇ 31 ਦਸੰਬਰ 1981 ਨੂੰ ਇੱਕ ਹੋਰ ਹੁਕਮ ਜਾਰੀ ਕਰ ਦਿੱਤਾ। ਉਸਨੇ ਆਪਣੇ ਤਾਨਾਸ਼ਾਹੀ ਤਰੀਕੇ ਨਾਲ ਬਲਪੂਰਵਕ ਬਾਂਦਰ ਵੰਡ ਦੀ ਇਕ ਨਵੀਂ ਯੋਜਨਾ ਪੇਸ਼ ਕੀਤੀ। ਜਿਸ ਦੇ ਅਨੁਸਾਰ 6 ਅਪ੍ਰੈਲ 1982 ਨੂੰ ਜਿਲ੍ਹਾਂ ਪਟਿਆਲਾ ਦੇ 'ਕਪੂਰੀ' ਪਿੰਡ ਵਿਚ ਸਤਲੁਜ-ਯਮੁਨਾ ਲਿੰਕ ਨਹਿਰ ਦੀ ਆਧਾਰ ਸ਼ਿਲਾ ਰੱਖੀ। ਵਿਰੋਧ ਵਜੋਂ ਅਕਾਲੀਆਂ ਨੇ 'ਘਨੌਰ' ਪਿੰਡ ਵਿੱਚ ਬਹੁਤ ਵੱਡੀ ਰੈਲੀ ਕਰਕੇ ਰੋਸ ਪ੍ਰਗਟ ਕੀਤਾ। ਕਈ ਥਾਵਾਂ ਤੇ ਪ੍ਰਦਰਸ਼ਨ ਕੀਤੇ ਨਾਲ ਹੀ ਅੰਦੋਲਨ ਚਲਾਉਂਣ ਦਾ ਪ੍ਰੋਗਰਾਮ ਤਿਆਰ ਕੀਤਾ। ਅਜਿਹਾ ਕਰਨ ਦੇ ਪਿਛੇ ਇੰਦਰਾ ਦਾ ਉਦੇਸ਼ ਹਰਿਆਣੇ ਦੀ ਚੋਣ ਜਿੱਤਣਾਂ ਅਤੇ ਅਕਾਲੀਆਂ ਤੋਂ ਬਦਲਾ ਲੈਣਾ ਸੀ। ਅਸਲ ਵਿਚ ਇੰਦਰਾ ਦਾ ਮੁੱਖ ਉਦੇਸ 1984 ਵਿਚ ਹੋਣ ਵਾਲੀ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਪੰਜਾਬ ਵਿਚ ਸਿੱਖ ਯੁਵਕਾਂ ਨੂੰ ਭਰਮਾ ਕੇ ਅਤੇ ਕੁਰਾਹੇ ਪਾ ਕੇ ਉਨ੍ਹਾਂ ਦੇ ਮੂੰਹੋਂ ਖਾਲਿਸਤਾਨ ਦੇ ਨਾਅਰੇ ਲਗਵਾ ਕੇ ਅਲਗਾਵਵਾਦ ਵਲ ਧੱਕਣਾਂ ਸੀ। ਇਹ ਮਕਸਦ ਉਸਨੇ 'ਥਰਡ ਏਜੰਸੀ ਦੁਆਰਾ ਸਿੱਖ ਯੁਵਕਾਂ ਦੇ ਗੁੱਟਾਂ ਵਿਚ ਆਪਣੀ ਘੁੱਸਪੈਠ  ਕਰਕੇ ਪੂਰਾ ਕਰ ਲਿਆ। ਹੁਣ ਉਨ੍ਹਾਂ ਨੂੰ ਕੁਝ ਹਥਿਆਰ ਵੀ ਦੇਣੇ ਸਨ ਤਾਂ ਕਿ ਉਨ੍ਹਾਂ ਨੂੰ ਕੁਚਲਦੇ ਸਮੇਂ ਵਿਸ਼ਵ ਮੀਡੀਆ ਨੂੰ ਕੁਝ ਹੋਰ ਵੀ ਦਿਖਾਇਆ ਜਾ ਸਕੇ। ਇਸ ਕੰਮ ਲਈ ਇੱਕ ਵਿਸ਼ੇਸ਼ ਗੁਪਤਚਰ ਵਿਭਾਗ ਦੁਆਰਾ ਪੁਰਾਣੇ ਹਥਿਅਰ ਘਰਾਂ ਵਿਚੋਂ ਕੁਝ ਹਥਿਆਰ ਇਨ੍ਹਾਂ ਗੁੱਟਾਂ ਵਿਚ ਸਮੇਂ-ਸਮੇ  ਵੰਡੇ ਗਏ। ਕੁਝ ਹਥਿਆਰ ਸਮੇਂ-ਸਮੇਂ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਦੀ ਰਸਦ ਲਿਆਉਂਣ ਵਾਲੀਆਂ ਗੱਡੀਆਂ ਵਿਚ ਲੁਕਾ ਕੇ ਭੇਜੇ ਗਏ। ਇਨ੍ਹਾਂ ਗੱਡੀਆਂ ਦੀ ਡਿਊਟੀ ਤੇ ਤੈਨਾਤ ਸੁਰਖਿਆ ਅਧਿਕਾਰੀ ਤਲਾਸ਼ੀ ਅਤੇ ਜਾਂਚ ਨਹੀਂ ਕਰਦੇ ਸਨ ਕਿਉਂਕਿ ਉਨ੍ਹਾਂ ਨੂੰ ਹਾਈ ਕਮਾਂਡ ਤੋਂ ਇਸੇ ਤਰ੍ਹਾਂ ਦੇ ਆਦੇਸ਼ ਸਨ।

ਸਾਡੇ ਲਈ ਇਹ ਜਾਣਨਾਂ ਬਹੁਤ ਜ਼ਰੂਰੀ ਹੈ ਕਿ ਉਗਰਵਾਦੀ ਯੁਵਕਾਂ ਦੀ ਉਤਪਤੀ ਕਿਵੇਂ ਹੋਈ ਅਤੇ ਉਨ੍ਹਾਂ ਨੂੰ ਖਾਲਿਸਤਾਨ ਦਾ ਉਦੇਸ਼ ਕਿਸ ਨੇ ਦਿੱਤਾ। ਇਸ ਦੇ ਲਈ ਸਾਨੂੰ ਸੰਨ 1982 ਵਿਚ **'ਇਸ਼ਿਆਈ ਖੇਡਾ'** ਵਿਚ ਹੋਈਆਂ ਕੁਝ ਘਟਨਾਵਾਂ ਨੂੰ ਧਿਆਨ ਨਾਲ ਘੋਖਣਾਂ ਹੋਵੇਗਾ। ਇੰਦਰਾ ਦੇ ਸਨਮੁੱਖ ਪੰਜਾਬ ਅਤੇ ਚੰਡੀਗੜ੍ਹ ਦੇ ਲਈ ਕੁਝ ਮੰਗਾਂ ਅਕਾਲੀ ਦਲ ਨੇ ਰਖੀਆਂ ਹੋਈਆਂ ਸਨ। ਇਸ ਸੰਬੰਧ ਵਿਚ ਅਨੇਕ ਵਾਰ ਇੰਦਰਾ ਸਰਕਾਰ ਅਤੇ ਅਕਾਲੀਆਂ ਵਿਚ ਗੋਸ਼ਟੀਆਂ (ਮੀਟਿੰਗ) ਹੋਈਆਂ । ਇੰਦਰਾ ਹਰ ਵਾਰ 'ਮੈਂ ਨਾ ਮਾਨੂੰ' ਦੀ ਰੱਟ ਲਾ ਕੇ ਵਾਰਤਾਲਾਪ ਭੰਗ ਕਰ ਦੇਂਦੀ ਸੀ। ਜਦ ਕਿ ਸਰਕਾਰ ਦੇ ਪ੍ਰਤੀਨਿਧਿ ਅਕਾਲੀਆਂ ਦੇ ਪੱਖ ਵਿਚ ਸਹਿਮਤ ਹੁੰਦੇ ਸਨ। ਇਸ ਵਾਰ ਵਾਰਤਾ ਭੰਗ ਕਰਨ ਤੇ ਅਕਾਲੀਆਂ ਨੇ ਧਮਕੀ ਦਿੱਤੀ ਕਿ ਅਸੀਂ 'ਏਸੀਆਈ ਖੇਡਾਂ' ਦਾ ਬਾਈਕਾਟ ਕਰਾਂਗੇ ਅਤੇ ਵਿਦੇਸ਼ੀ ਦਰਸ਼ਕਾਂ ਦੇ ਸਾਹਮਣੇ ਵਿਰੋਧ ਪ੍ਰਦਰਸ਼ਨ ਕਰਾਂਗੇ, ਇਸ ਤੋਂ ਇੰਦਰਾ ਭੈ-ਭੀਤ ਹੋਈ। ਪਰ ਹਰਿਆਣਾ ਦੇ ਮੁੱਖ-ਮੰਤਰੀ ਭਜਨ-ਲਾਲ ਨੇ ਉਸ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਚਿੰਤਾ ਨਾ ਕਰੇ ਉਸ ਦੇ ਹੁੰਦਿਆਂ ਕੋਈ ਵੀ ਸਿੱਖ ਹਰਿਆਣੇ ਤੋਂ ਦਿੱਲੀ ਨਹੀਂ ਆ ਸਕੇਗਾ। ਇਸ ਲਈ ਉਸਨੇ ਏਸ਼ੀਆਈ ਖੇਡਾਂ ਦੀ ਨਿਸ਼ਚਿਤ ਤਰੀਕ ਤੋਂ 15 ਦਿਨ ਪਹਿਲਾਂ ਹੀ ਸਾਰੇ ਰੇਲ ਅਤੇ ਸੜਕ ਮਾਰਗਾਂ ਨੂੰ ਸਿੱਖਾਂ ਦੇ ਲਈ **'ਸੀਲ ਬੰਦ'** ਕਰ ਦਿੱਤਾ। ਕਿਸੇ ਸਿੱਖ ਵਿਅਕਤੀ ਨੂੰ ਉਹ ਹਰਿਆਣੇ ਤੋਂ ਦਿੱਲੀ ਨਹੀਂ ਜਾਣ ਦੇਂਦੇ ਸਨ, ਭਾਵੇਂ ਉਹ ਵਿਅਕਤੀ ਆਪਣਾਂ ਪਹਿਚਾਨ ਪੱਤਰ ਦਿਖਾ ਕੇ ਸਪਸ਼ਟ ਕਰ ਦਿੰਦਾ ਸੀ ਕਿ ਉਹ ਕਿਸ ਜ਼ਰੂਰੀ ਕੰਮ ਲਈ ਦਿੱਲੀ ਜਾਣਾ ਚਾਹੁੰਦਾ ਹੈ। ਇਥੋਂ ਤੱਕ ਸਖਤੀ ਕੀਤੀ ਗਈ ਕਿ ਸਰਕਾਰੀ ਕਰਮਚਾਰੀਆਂ ਅਤੇ ਸੈਨਿਕ ਅਧਿਕਾਰੀਆਂ ਨੂੰ ਵੀ ਨਹੀਂ ਬਾਖ਼ਸ਼ਿਆ ਗਿਆ। ਉਨ੍ਹਾਂ ਲੋਕਾਂ ਦੇ ਨਾਲ ਅਸਭਿਅਕ ਭਾਸ਼ਾ ਦੀ ਵਰਤੋਂ ਤੇ ਅਪਮਾਨਜਨਕ ਵਿਵਹਾਰ ਕੀਤਾ ਜਾਂਦਾ ਰਿਹਾ। ਇਸ ਤਰ੍ਹਾਂ ਉਨ੍ਹਾਂ ਨੂੰ ਵਾਪਿਸ ਮੋੜ ਦਿੱਤਾ ਜਾਂਦਾ ਰਿਹਾ।

ਇਸ ਅਪਮਾਨ ਨੂੰ ਸਹਿਣ ਕਰਨ ਵਾਲੇ ਦੇਸ਼ ਦੇ ਸਨਮਾਨਜਨਕ ਨਾਗਰਿਕ ਵੀ ਸਨ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨਾਲ ਵਿਦੇਸ਼ੀ ਤਸਕਰਾਂ ਵਰਗਾ ਵਿਵਹਾਰ ਕੀਤਾ ਗਿਆ ਹੈ, ਉਨ੍ਹਾਂ

ਦੇ ਮਨ ਵਿਚ ਪ੍ਰਸ਼ਨ ਉਠਿਆ ਕਿ ਅਸੀਂ ਆਜ਼ਾਦ ਭਾਰਤ ਦੇ ਨਾਗਰਿਕ ਹਾਂ ਵੀ ਕਿ ਨਹੀਂ? ਕੀ ਸਾਨੂੰ ਆਪਣਾਂ ਆਜ਼ਾਦ ਦੇਸ਼ ਚਾਹੀਦਾ ਹੈ? ਅਜਿਹੇ ਹਾਲਾਤਾਂ ਵਿਚ ਪੀੜਿਤ ਲੋਕਾਂ ਦੇ ਮਨਾਂ ਵਿਚ ਵੱਖਵਾਦ ਅਤੇ ਉਗਰਵਾਦ ਨੇ ਜਨਮ ਲਿਆ, ਕਿਉਂਕਿ ਸਾਰੇ ਸਨਮਾਨ ਨਾਲ ਜਿਊਂਣਾ ਚਾਹੁੰਦੇ ਸਨ। ਸਾਰਿਆਂ ਵਿਚ ਆਤਮ-ਗੌਰਵ ਦੀਆਂ ਭਾਵਨਾਵਾਂ ਸਨ।

## 'ਇੰਦਰਾ ਗਾਂਧੀ ਦਾ ਮੁਖ ਟੀਚਾ ਸੀ, ਸੰਨ 1984 ਕੇ ਅੰਤ ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਜਿੱਤਣ ਅਤੇ ਉਸ ਲਈ ਭੂਮਿਕਾ ਤਿਆਰ ਕਰਨੀ

ਇੰਦਰਾ ਗਾਂਧੀ ਨੇ ਉਚਿਤ ਸਮੇਂ ਤੇ ਆਗਾਮੀ ਚੋਣਾ ਜਿੱਤਣ ਲਈ ਆਪਣੇ ਹੱਕ ਵਿਚ ਇਕ ਲਹਿਰ ਚਲਾਉਣ ਦੀ ਯੋਜਨਾ ਤਿਆਰ ਕੀਤੀ। ਉਸਨੇ ਪਹਿਲਾਂ '**ਗਰੀਬੀ** ਹਟਾਓ' ਦੇ ਵੀਹ ਸੂਤਰੀ ਪ੍ਰੋਗਰਾਮ ਦਾ ਆਮ ਜਨਤਾ ਦੇ ਸਾਹਮਣੇ ਪ੍ਰਦਰਸ਼ਨ ਕਰ ਚੁੱਕੀ ਸੀ। ਹੁਣ ਉਸਨੇ ਇੱਕ ਨਵੀਂ ਨੀਤੀ ਤਿਆਰ ਕੀਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਬੰਗਲਾ ਦੇਸ਼ ਦੀ ਉਤਪਤੀ ਅਤੇ ਪਾਕਿਸਤਾਨ ਦੇ ਦੋ ਟੁਕੜੇ ਕਰਨ ਸਮੇਂ ਵਰਗੀ ਪ੍ਰਸੰਸਾ ਦੇਸ਼-ਵਾਸੀਆਂ ਤੋਂ ਪ੍ਰਾਪਤ ਕੀਤੀ ਜਾਵੇ। ਇਸ ਕੰਮ ਲਈ ਉਸਨੇ ਦੋ ਉਦੇਸ਼ ਰਖੇ ਜੇਕਰ ਇੱਕ ਅਸਫਲ ਵੀ ਹੋ ਜਾਵੇ ਤਾਂ ਦੂਜਾ ਉਦੇਸ਼ ਹਰ ਹਾਲਾਤ ਵਿਚ ਸਫਲ ਹੋਵੇ, ਉਸਦੇ ਦੋ ਵਿਕਲਪ ਸਨ। ਪਹਿਲਾਂ ਸ੍ਰੀ ਲੰਕਾ ਤੇ ਹਮਲਾ ਕਰਕੇ ਉਥੋਂ ਦੀ ਤਾਮਿਲ ਭਾਸ਼ਾਈ ਜਨਤਾ ਦੀ ਸੱਮਸਿਆ ਦਾ ਹੱਲ ਕਢਣਾਂ, ਦੂਜਾ ਸਿੱਖਾਂ ਨੂੰ ਬਦਨਾਮ ਕਰਕੇ ਦੇਸ਼ ਦੇ ਦੁਸ਼ਮਣ ਦਰਸਾਉਣਾ ਅਤੇ ਉਨ੍ਹਾਂ ਨੂੰ ਕੁਚਲ ਕੇ ਹਿੰਦੂ ਜਨਤਾ ਦਾ ਵੋਟ ਪ੍ਰਾਪਤ ਕਰਨਾਂ।

ਅਸਲ ਵਿਚ ਇੰਦਰਾ ਨੂੰ ਆਪਣੇ ਪਹਿਲੇ ਵਿਕਲਪ ਤੇ ਕੁਝ ਸ਼ੰਕਾ ਸੀ ਕਿਉਂਕਿ ਵਿਸ਼ਵ ਦੇ ਸਾਹਮਣੇ ਉਸ ਦੀ ਚਾਲ ਦਾ ਪੋਲ ਖੁਲ੍ਹਣ ਦੀ ਸੰਭਾਂਵਨਾ ਵਧੇਰੇ ਸੀ ਕਿਉਂਕਿ ਇਸ ਨੂੰ ਵੀ ਬੰਗਲਾ ਦੇਸ਼ ਦੇ ਸ਼ਰਨਾਰਥੀਆਂ ਵਾਂਗ ਤਾਮਿਲ ਸ਼ਰਨਾਂਰਥੀਆਂ ਦੀ ਸਮੱਸਿਆ ਘੋਸ਼ਿਤ ਕਰਕੇ ਸ੍ਰੀ ਲੰਕਾ ਵਿਚ ਦਖਲ ਅੰਦਾਜ਼ੀ ਕਰਨ ਦੇ ਕੰਮ ਨੂੰ ਉਚਿਤ ਠਹਿਰਾਉਂਣਾ ਸੀ।

ਇਨ੍ਹਾਂ ਦੋਹਾਂ ਉਦੇਸ਼ਾਂ ਨੂੰ ਪੂਰਾ ਕਰਨ ਲਈ ਉਸਨੇ ਇੱਕ ਵਿਸ਼ੇਸ਼ ਗੁਪਤਚਰ ਵਿਭਾਗ (ਤੀਜੀ

ਏਜੰਸੀ) ਦਾ ਗਠਨ ਕੀਤਾ ਉਸ ਨੂੰ ਇਨ੍ਹਾਂ ਦੋਹਾਂ ਉਦੇਸ਼ਾ ਦੀ ਭੂਮਿਕਾ ਤਿਆਰ ਕਰਨ ਦਾ ਟੀਚਾ ਦਿੱਤਾ। ਤਾਂਕਿ ਇਨ੍ਹਾਂ ਉਦੇਸ਼ਾ ਦੀ ਪ੍ਰਾਪਤੀ ਬਾਰੇ ਵਿਰੋਧੀ ਨੇਤਾਵਾਂ ਨੂੰ ਵੀ ਇਸ ਕੋਝੀ ਚਾਲ ਦੀ ਭਿਣਕ ਤੱਕ ਨਾ ਮਿਲੇ।

**'ਥਰਡ ਏਜੰਸੀ'** ਨੇ ਆਪਣੇ ਅਫਸਰਾਂ ਦੇ ਹੁਕਮ ਨੂੰ ਪੂਰਾ ਕਰਨ ਲਈ ਅਨੇਕ ਚੱਕਰਵਿਊ ਰਚੇ ਜੋ ਆਮ ਵਿਅਕਤੀ ਦੀ ਸਮਝ ਵਿਚ ਕਦੇ ਵੀ ਨਹੀਂ ਆ ਸਕਦੇ ਸਨ। ਸਭ ਤੋਂ ਪਹਿਲਾਂ ਇਸ ਏਜੰਸੀ ਨੇ ਗਿਆਨੀ ਜੈਲ ਸਿੰਘ ਜੀ ਦੁਆਰਾ ਸੰਗਠਿਤ ਦਲ ਖਾਲਸਾ ਨੂੰ ਉਕਸਾਇਆ ਅਤੇ ਉਨ੍ਹਾਂ ਦੇ ਮੂੰਹੋ **'ਖਾਲਿਸਤਾਨ ਜਿੰਦਾਬਾਦ'** ਦੇ ਨਾਅਰੇ ਲਗਵਾਏ। ਤਾਂਕਿ ਹਿੰਦੂ ਜਨਤਾ ਇਨ੍ਹਾਂ ਲੋਕਾਂ ਨੂੰ ਕੁਚਲਣ ਲਈ ਪ੍ਰਸ਼ਾਸਨ ਨੂੰ ਬੇਨਤੀ ਕਰੇ। ਤਦ ਸੁਚੇਤ ਅਕਾਲੀ ਦਲ ਨੇ ਐਲਾਨ ਕੀਤੀ ਕਿ ਉਨ੍ਹਾਂ ਦੀਆਂ ਮੰਗਾ ਦੇਸ਼ ਦੇ ਸੰਵਿਧਾਨ ਦੀ ਸੀਮਾ ਦੇ ਅੰਦਰ ਹੀ ਹਨ। ਉਨ੍ਹਾਂ ਦੀਆਂ ਸਾਰੀਆਂ ਮੰਗਾਂ ਦੀ ਸਾਰੇ ਵਿਰੋਧੀ ਦਲ ਗਹਿਰਾਈ ਨਾਲ ਜਾਂਚ ਕਰ ਸਕਦੇ ਹਨ। ਉਹ ਕਿਸੇ ਅੱਲਗ ਦੇਸ਼ ਦੀ ਕਲਪਨਾ ਨਹੀਂ ਕਰਦੇ।" ਤਦ **'ਪਾੜੋ ਤੇ ਰਾਜ ਕਰੋ"** ਦੀ ਨੀਤੀ ਦੇ ਅੰਤਰਗਤ 'ਥਰਡ ਏਜੰਸੀ' ਨੇ ਸਹਾਰਨਪੁਰ ਦੇ ਬੁਚੜਾ ਰਾਹੀ ਗਊਆਂ ਦੇ ਸਿਰ ਅੰਮ੍ਰਿਤਸਰ ਦੇ ਮੰਦਰਾਂ ਵਿਚ ਸੁਟਵਾਏ। ਪਰ ਸਥਾਨਕ ਬੁਧੀਜੀਵੀਆਂ ਨੇ ਤੁਰੰਤ ਇਸ ਕੰਮ ਨੂੰ ਦੁਸ਼ਮਣ ਧਿਰ ਦੀ ਕੋਝੀ ਚਾਲ ਮੰਨਿਆ। ਉਨ੍ਹਾਂ ਦੀ ਵਿਚਾਰ ਸੀ ਕਿ ਸਿੱਖ ਲੋਕ ਵੀ ਗਾਂ ਦਾ ਉਨ੍ਹਾਂ ਵਾਂਗ ਹੀ ਸਨਮਾਨ ਕਰਦੇ ਹਨ। ਉਹ ਕਦੇ ਵੀ ਅਜਿਹਾ ਨਹੀਂ ਕਰ ਸਕਦੇ। ਉਹ ਲੋਕ ਜਾਣਦੇ ਸਨ ਕਿ ਪਾਕਿਸਤਾਨ ਵਿਚ ਵੀ ਹਿੰਦੂ-ਮੁਸਲਿਮ ਦੰਗੇ ਕਰਵਾਉਂਣ ਲਈ ਇਹੀ ਵਿਧੀ ਅਪਨਾਈ ਗਈ ਸੀ। ਉੱਥੇ ਮਸਜਿਦਾਂ ਵਿਚ ਸੂਰ ਵਢ ਕੇ ਸੁੱਟੇ ਗਏ ਸਨ। ਪੰਜਾਬ ਦੇ ਲੋਕਾਂ ਨੇ ਇਸ ਘਟੀਆ ਕੰਮ ਨੂੰ ਦੁਸ਼ਟ ਲੋਕਾਂ ਦੁਆਰਾ ਕੀਤੀ ਗਈ ਕੋਝੀ ਸਾਜ਼ਸ ਸਮਝ ਕੇ ਨਕਾਰ ਦਿੱਤਾ। ਜਦ **'ਥਰਡ ਏਜੰਸੀ'** ਨੂੰ ਇਸ ਨੀਚ ਕਾਰਜ ਤੋਂ ਕੋਈ ਸਫਲਤਾ ਨਹੀਂ ਮਿਲੀ ਤਾਂ ਉਨ੍ਹਾਂ ਨੇ ਇਸ ਤੋਂ ਬਾਅਦ ਇੱਕ ਰਾਤ ਨੂੰ ਇੱਕ ਬਸ ਵਿਚ ਸਵਾਰ ਹਿੰਦੂ ਯਾਤਰੀਆਂ ਦੀ ਹੱਤਿਆ ਕਰਵਾ ਦਿੱਤੀ। ਉਸੇ ਰਾਤ ਪੰਜਾਬ ਵਿਚ ਕਾਨੂੰਨ ਵਿਵਸਥਾ ਭੰਗ ਹੋਣ ਦਾ ਦੋਸ਼ ਲਾ ਕੇ ਪ੍ਰਾਂਤਕ ਸਰਕਾਰ ਨੂੰ ਭੰਗ ਕਰ ਦਿੱਤਾ ਅਤੇ ਰਾਸ਼ਟਰਪਤੀ ਸ਼ਾਸ਼ਨ ਲਾਗੂ ਕਰ

ਦਿੱਤਾ। ਪੰਜਾਬ ਦੇ ਬੁੱਧੀਜੀਵੀਆਂ ਨੇ ਇਸ ਨੂੰ ਵੀ ਕਿਸੇ ਏਜੰਸੀ ਦੁਆਰਾ ਰਚੀ ਗਈ ਕੋਝੀ ਚਾਲ ਮੰਨਿਆ। ਉਨ੍ਹਾਂ ਨੇ ਝੂਠੇ ਪ੍ਰਾਪੇਗੰਡੇ ਰਾਹੀ ਦੋਹਾ ਮੁੱਖ ਧਰਮਾਂ ਵਿਚ ਤਨਾਉ ਪੈਦਾ ਕਰ ਦਿੱਤਾ। ਇਸੇ ਗੱਲ ਦਾ ਫਾਇਦਾ ਉਠਾ ਕੇ ਇੰਦਰਾ ਦੀ ਗੁਪਤਚਰ (ਥਰਡ) ਏਜੰਸੀ ਨੇ ਉਤੇਜਿਤ ਸਿੱਖਾਂ ਨੂੰ ਸੰਗਠਿਤ ਕੀਤਾ ਅਤੇ ਹਰ ਨਗਰ ਵਿਚ ਉਨ੍ਹਾਂ ਦੇ ਜੁਝਾਰੂਦਲ ਬਣਾ ਦਿੱਤੇ। **ਇਸੀ ਪ੍ਰਕਾਰ ਊਨ੍ਹਾਂ ਆਰ.ਐਸ.ਐਸ. ਦੇ ਲੋਕਾਂ ਨੂੰ ਸਗਠਿਤ ਕਰ ਕੇ ਉਨ੍ਹਾਂ ਦੀਆਂ ਹਰ ਨਗਰ ਵਿੱਚ ਸਾਖਾਵਾਂ ਲਗਵਾਈਆਂ।**

ਉਨ੍ਹਾਂ ਦਿਨਾਂ ਵਿਚ ਸਾਰਾ ਮੀਡੀਆ (ਸੰਚਾਰ) ਸਰਕਾਰੀ ਕੰਟਰੋਲ ਵਿਚ ਹੁੰਦਾ ਸੀ। ਆਕਾਸ਼ਵਾਣੀ ਦੂਰਦਰਸ਼ਨ ਅਤੇ ਸਮਾਚਾਰ ਪੱਤਰ ਸਾਰੇ ਸਰਕਾਰੀ ਭਾਸ਼ਾ ਬੋਲਦੇ ਸਨ। ਇਸ ਦੇ ਉਲਟ ਅਕਾਲੀਆਂ ਕੋਲ ਕੇਵਲ ਦੋ ਅਖਬਾਰਾਂ ਹੀ ਹੁੰਦੀਆਂ ਸਨ ਜਿਹੜੀਆਂ ਸਿਰਫ ਪੰਜਾਬੀ ਭਾਸ਼ਾ (ਗੁਰਮੁੱਖੀ) ਵਿਚ ਹੀ ਛਾਪਦੇ ਸਨ। ਇਹ ਅਖਬਾਰਾਂ ਕੇਵਲ ਪੰਜਾਬ ਤੱਕ ਹੀ ਸੀਮਿਤ ਸਨ। ਪੂਰੇ ਦੇਸ਼ ਵਿਚ ਸਰਕਾਰੀ ਕੰਟਰੋਲ ਵਾਲੇ ਮੀਡੀਆ ਨੇ ਝੂਠੇ ਪ੍ਰਾਪੇਗੰਡੇ ਨਾਲ ਸਿੱਖਾਂ ਦੇ ਪ੍ਰਤੀ ਬਹੁਤ ਜ਼ਿਆਦਾ ਨਫਰਤ ਫੈਲਾਈ। ਸੱਚ ਨੂੰ ਜਾਨਣ ਦਾ ਕਿਸੇ ਨੇ ਯਤਨ ਨਹੀਂ ਕੀਤਾ। ਇੰਦਰਾ ਤਾਂ ਇਹੀ ਚਾਹੁੰਦੀ ਸੀ ਕਿ ਸਿੱਖਾਂ ਨੂੰ ਕੁਚਲਣ ਲਈ ਸਮੂਹ ਭਾਰਤ ਵਾਸੀਆਂ ਵਿਚ ਜਨਮਤ ਤਿਆਰ ਕੀਤਾ ਜਾਵੇ। ਇੰਦਰਾ ਦੀ ਇਕ ਵਿਸ਼ੇਸ਼ ਨੀਤੀ ਹੁੰਦੀ ਸੀ ਕਿ ਪਹਿਲਾਂ ਸਮੱਸਿਆ ਪੈਦਾ ਕਰੋ ਫਿਰ ਉਸਦਾ ਹਲ ਕਢ ਕੇ ਪ੍ਰਸਿੱਧੀ ਪ੍ਰਾਪਤ ਕਰੋ। ਇਸ ਵਾਰ ਉਹ ਪੰਜਾਬ-ਵਾਸੀਆਂ ਵਿਚ ਸੰਪਰਦਾਇਕ ਦੰਗੇ ਕਰਵਾ ਕੇ ਸਿੱਖਾਂ ਨੂੰ ਕੁਚਲਣ ਦੀ ਇਕ ਵਿਸ਼ਾਲ ਯੋਜਨਾ ਤਿਆਰ ਕਰ ਰਹੀ ਸੀ। ਜਿਸ ਨਾਲ ਆਉਂਣ ਵਾਲੀ ਚੋਣਾ ਵਿਚ ਹਿੰਦੂ-ਮਤ (ਵੋਟ) ਪ੍ਰਾਪਤ ਕਰਕੇ ਦੇਸ਼ ਭਰ ਵਿਚ ਜਿੱਤ (ਵਿੱਜੇ) ਪ੍ਰਾਪਤ ਕੀਤੀ ਜਾ ਸਕੇ।

ਇੰਦਰਾ ਨੇ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਾਰੇ ਅਖ਼ਬਾਰਾਂ ਤੇ ਕਾਬੂ ਰਖਣ ਲਈ ਉਨ੍ਹਾਂ ਦਾ ਕਾਗ਼ਜ਼ ਦਾ ਕੋਟਾ ਆਪਣੇ ਹੱਥ ਵਿਚ ਲੈ ਲਿਆ। ਇਸ ਦੇ ਨਾਲ ਹੀ ਸਰਕਾਰੀ ਇਸ਼ਤਿਹਾਰ ਉਨ੍ਹਾਂ ਅਖ਼ਬਾਰਾਂ ਨੂੰ ਦਿੱਤੇ ਜਾਂਦੇ ਜਿਹੜੇ ਇੰਦਰਾ ਦੀ ਬੋਲੀ ਬੋਲਦੇ ਸਨ। ਜੇ ਕੋਈ ਸਚਾਈ ਤੇ

ਅੜਦਾ ਤਾਂ ਉਸਦਾ ਨਿਰਧਾਰਿਤ ਕਾਗ਼ਜ਼ ਦਾ ਕੋਟਾ ਘੱਟ ਕਰ ਦਿੱਤਾ ਜਾਂਦਾ ਆਦਿ। ਅਜਿਹੇ ਹਾਲਾਤਾਂ ਵਿਚ ਸੰਪਰਕਦਾਇਕ ਜ਼ਹਿਰ ਫੈਲਾਉਂਣ ਵਿਚ ਇੰਦਰਾ ਨੂੰ ਖ਼ੂਬ ਸਫਲਤਾ ਮਿਲ ਰਹੀ ਸੀ।

ਅਜਿਹੇ ਹਾਲਾਤਾਂ ਵਿਚ ਇੰਦਰਾ ਨੇ ਹਿੰਦੂਆਂ ਦੇ ਦਿਲਾਂ ਵਿਚ ਆਪਣੇ ਲਈ ਆਦਰ ਬਣਾਉਂਣ ਤੇ ਵਧਾਉਂਣ ਲਈ ਪ੍ਰਸਿੱਧ ਹਿੰਦੂਮੰਦਰਾਂ ਦੀ ਯਾਤਰਾ ਕਰਨੀ ਸ਼ੁਰੂ ਕਰ ਦਿੱਤੀ। ਇਸ ਨੂੰ ਦੂਰਦਰਸ਼ਨ ਤੇ ਆਕਾਸ਼ਵਾਣੀ ਤੇ ਪ੍ਰਚਾਰਿਆਂ ਜਾਣ ਲੱਗਾ।

ਅਜੇ ਚੋਣਾਂ ਵਿਚ ਦੋ ਸਾਲ ਰਹਿੰਦੇ ਸਨ। ਇੰਦਰਾ ਨੇ ਅਕਾਲੀਆਂ ਨਾਲ ਪੰਜਾਬ ਸਮੱਸਿਆ ਤੇ ਉਨ੍ਹਾਂ ਦੀਆਂ ਮੰਗਾਂ ਤੇ ਵਿਚਾਰ ਗੋਸ਼ਟੀਆਂ ਸ਼ੁਰੂ ਕਰ ਦਿੱਤੀਆਂ ਜੋ ਕਿ ਪਾਖੰਡ ਤੇ ਧੋਖਾ ਹੀ ਸਨ। ਇਨ੍ਹਾਂ ਵਿਚਾਰ (ਗੋਸ਼ਟੀਆਂ) ਵਿਚ ਸਰਕਾਰ ਅਤੇ ਅਕਾਲੀਆਂ ਵਿਚਕਾਰ ਵਿਚੋਲਗੀ ਕਰਨ ਲਈ ਕਈ ਸਨਮਾਨਜਨਕ ਵਿਅਕਤੀਆਂ ਨੇ ਭਾਗ ਲਿਆ, ਜਿਹੜੇ ਦੋਹਾਂ ਪੱਖਾਂ ਵਿਚ ਸੰਧੀ ਕਰਵਾਉਂਣ ਦੀ ਰੂਪ-ਰੇਖਾ ਤਿਆਰ ਕਰਨ ਵਿਚ ਸਫਲ ਵੀ ਹੋਏ ਪਰ ਇੰਦਰਾ ਦੁਆਰਾ ਹਰ ਵਾਰ ਸਮਝੋਤੇ ਨੂੰ ਆਖਰੀ ਸਮੇਂ  ਖੇਰੂ-ਖੇਰੂ ਕਰਕੇ ਖਤਮ ਕਰ ਦਿੱਤਾ ਜਾਂਦਾ। ਕਿਉਂਕਿ ਇੰਦਰਾ ਦਾ ਉਦੇਸ਼ ਸਿੱਖਾਂ ਨਾਲ ਸਮਝੌਤਾ ਕਰਨਾ ਨਹੀਂ ਸੀ। ਸਮਝੌਤਿਆਂ ਦੇ ਬਹਾਨੇ ਸਹੀ ਸਮਾਂ ਲਭਰਹੀ ਸੀ ਅਸਲ ਵਿੱਚ ਉਹ ਤਾਂ ਇਨ੍ਹਾਂ ਨੂੰ ਕੁਚਲਣਾਂ ਚਾਹੁੰਦੀ ਸੀ ਤਾਂ ਕਿ ਉਹ ਸਾਰੇ ਹਿੰਦੂ ਵੋਟ ਪ੍ਰਾਪਤ ਕਰ ਸਕੇ।

ਅਕਾਲੀਆਂ ਨਾਲ ਸਮਝੋਂਤੇ ਦੀ ਪ੍ਰਕਿਆ ਵਿਚ ਉਸਦੇ ਨਾਲ ਸਮੇਂ -ਸਮੇਂ ਸ੍ਰੀ ਜੈ ਪ੍ਰਕਾਸ਼ ਨਾਰਾਇਣ, ਸਾਬਕਾ ਵਿਦੇਸ਼ ਮੰਤਰੀ ਸਰਦਾਰ ਸਵਰਣ ਸਿੰਘ ਅਤੇ ਵਰਤਮਾਨ ਰਾਸ਼ਟਰਪਤੀ ਪ੍ਰਨਾਬ ਮੁਕਰਜੀ ਵੀ ਸਨ।

ਇੰਦਰਾ ਨੇ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਦੇਹਰਾਦੂਨ ਦੀ ਤਹਿਸੀਲ ਚਕਰੌਤਾ ਦੇ ਜੰਗਲਾਂ ਵਿਚ ਇਕ ਖਾਸ ਸਥਾਨ ਤੇ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਬਣਵਾ ਕੇ ਉਥੇ ਫੌਜ ਦੀ

ਇਕ ਖਾਸ ਟੁਕੜੀ ਨੂੰ ਹਮਲਾਵਰ ਹੋਣ ਦੀ ਸਿਖਿਆ ਦਿੱਤੀ ਅਤੇ ਸਹਾਰਨਪੁਰ ਦੇ ਇਕ ਕਸਬੇ ਸਰਸਾਵਾ ਵਿਖੇ ਦੱਖਣੀ ਭਾਰਤੀ ਸੈਨਿਕਾਂ ਨੂੰ ਸ੍ਰੀ ਲੰਕਾ ਵਿਚ ਬੰਗਲਾ ਦੇਸ਼ ਦੀ ਮੁਕਤੀ ਵਾਹਿਨੀ ਦੇ ਪੈਟਰਨ ਤੇ ਯੁੱਧ ਦਾ ਅਭਿਆਸ ਕਰਵਾਇਆ ਗਿਆ ਤਾਂਕਿ ਸਮੇਂ ਤੇ ਲੋੜ ਮੁਤਾਬਕ ਕੋਈ ਵੀ ਵਿਕਲਪ ਵਰਤੋਂ ਵਿਚ ਲਿਆਂਦਾ ਜਾ ਸਕੇ।

ਉਨ੍ਹਾਂ ਦਿਨਾਂ ਵਿਚ ਇੰਦਰਾ ਨੇ ਸ੍ਰੀ ਲੰਕਾ ਵਿਚ ਆਪਣੀ **'ਥਰਡ ਏਜੰਸੀ'** ਦੁਆਰਾ ਦਖਲ ਅੰਦਾਜ਼ੀ ਕਰਨ ਨਾਲ ਤਾਮਿਲ ਸਮੱਸਿਆ ਪੈਦਾ ਕਰਵਾਈ ਅਤੇ ਤਾਮਿਲ ਸ਼ਰਨਾਰਥੀ ਸਮੱਸਿਆ ਬਣਾਈ। ਦੂਜੇ ਪਾਸੇ ਪੰਜਾਬ ਵਿਚ ਸਿੱਖ -ਹਿੰਦੂ ਭਾਈਚਾਰਾ ਭੰਗ ਕਰਕੇ ਅਰਾਜਕਤਾ ਫੈਲਾ ਕੇ ਉਸ ਨੂੰ ਇੱਕ ਬਹੁਤ ਵੱਡੀ ਸਮੱਸਿਆ ਦਰਸਾ ਕੇ ਪੇਸ਼ ਕੀਤਾ।

ਸੰਨ 1983 ਜਨਵਰੀ ਵਿਚ ਇੰਦਰਾ ਨੇ ਲੈਫਟੀਨੈਂਟ ਜਨਰਲ ਐਸ.ਕੇ.ਸਿਨਹਾ ਨੂੰ ਆਦੇਸ਼ ਦਿੱਤਾ ਕਿ ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦੇ ਇਤਿਹਾਸ ਦਾ ਅਧਿਐਨ ਕਰਕੇ ਇਕ ਰਿਪੋਰਟ ਤਿਆਰ ਕਿਤੀ ਜਾਵੇ ਤਾਂ ਕਿ ਉਸ ਉੱਤੇ ਹਮਲਾ ਕਰਨ ਸਮੇਂ ਇਸ ਜਾਣਕਾਰੀ ਦੀ ਸਹਾਇਤਾ ਲਈ ਜਾ ਸਕੇ। ਸਿਨਹਾ ਨੂੰ ਕਿਹਾ ਕਿ ਇਹ ਇਸ ਲਈ ਵੀ ਜ਼ਰੂਰੀ ਹੈ ਕਿ ਭਵਿੱਖ ਵਿਚ ਉਸ ਨੂੰ ਸੈਨਾਪਤੀ ਬਣਾਇਆ ਜਾਣਾ ਹੈ।

ਜਨਵਰੀ 1983 ਵਿਚ ਲੈਫਟੀਨੈਂਟ ਜਨਰਲ ਸਿਨਹਾ ਨੇ ਇਕ ਵਿਸ਼ੇਸ਼ ਵੀਹ ਸਫਿਆਂ ਵਾਲੀ ਰਿਪੋਰਟ ਤਿਆਰ ਕੀਤੀ ਜਿਸ ਵਿਚ ਮੁਗਲ ਕਾਲ ਸੰਨ 1720 ਈਸਵੀਂ ਤੋਂ ਅੰਗਰੇਜ਼ੀ ਰਾਜ ਤੱਕ ਦੇ ਸਾਰੇ ਵੇਰਵੇ ਸਨ। ਇਸ ਵਿਚ ਨਵਾਬ ਜਕਰੀਆ ਖਾਨ, ਮੀਰ ਮੰਨੂੰ ਨਾਦਰਸ਼ਾਹ, ਅਹਿਮਦਸ਼ਾਹ ਅਬਦਾਲੀ ਦੁਆਰਾ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਅਤੇ ਸਰੋਵਰ ਨੂੰ ਪੂਰਨ ਦੀ ਸੰਪੂਰਨ ਗਾਥਾ ਸੀ। ਇਸ ਨੂੰ ਆਧਾਰ ਬਣਾਕੇ ਉਸਨੇ ਸਾਰੀਆਂ ਘਟਨਾਵਾਂ ਦਾ ਤਰਤੀਬਵਾਰ ਵਿਸ਼ਲੇਸ਼ਣ ਇੰਦਰਾ ਦੇ ਸਾਹਮਣੇ ਰੱਖਦੇ ਹੋਏ ਕਿਹਾ, ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਨਾ ਸੰਪੂਰਨ ਸਿੱਖ ਜਗਤ ਨਾਲ ਭਿੜਨਾ ਹੋਵੇਗਾ। ਜਿਸ ਦਾ ਨਤੀਜਾ ਬਗਾਵਤ ਵੀ ਹੋ ਸਕਦੀ ਹੈ। ਇਸ ਸੱਚੀ ਰਿਪੋਰਟ ਤੇ ਇੰਦਰਾ ਉਸ ਤੇ ਖੁਸ਼ ਨਹੀਂ ਹੋਈ, ਇਸ ਲਈ ਉਸ ਨੇ ਆਗਾਮੀ ਥਲ ਸੇਨਾ ਮੁਖੀਆ.ਏ.ਐਸ.ਵੈਦ ਨੂੰ ਬਣਾ ਦਿੱਤਾ।

ਜੂਨ 1983 ਵਿਚ ਇੰਦਰਾ ਨੇ ਆਪਣੇ ਦੂਸਰੇ ਵਿਕਲਪ ਤਾਮਿਲ ਸਮੱਸਿਆ ਦੇ ਲਈ ਤ੍ਰਿਵੇਂਦਰਮ ਹਵਾਈ ਅੱਡੇ ਤੋਂ ਭਾਰਤੀ ਸੈਨਿਕਾਂ ਨੂੰ ਤਾਮਿਲ ਗੁਰੀਲਾ (ਬਾਗੀਆਂ) ਦੇ ਰੂਪ ਵਿਚ ਆਪਣੇ ਏਅਰ ਕਰਾਫਟਾਂ ਨਾਲ ਉਤਾਰਨਾ ਸੀ। ਜਿਉਂ ਹੀ ਸੈਨਿਕ ਏਅਰ ਕਰਾਫਟ ਵਿਚ ਬੈਠਣ ਲੱਗੇ, ਉਸੇ ਸਮੇਂ ਪਾਇਲਟ ਨੇ ਉਹ ਮਾਨਚਿੱਤਰ ਵੇਖਿਆ, ਜਿਥੇ ਇਨ੍ਹਾਂ ਸੈਨਿਕਾਂ ਨੂੰ ਉਤਾਰਨਾਂ ਸੀ। ਤਦ ਉਸਨੇ ਆਪਣੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਸਥਾਨ ਜਿਹੜਾ ਤੁਸੀ **'ਪੁਆਇੰਟ ਆਊਟ'** ਕੀਤਾ ਹੈ, ਸੁਰੱਖਿਅਤ ਨਹੀਂ ਹੈ, ਇੱਥੇ ਸਾਡੀ ਯੋਜਨਾ ਬੁਰੀ ਤਰ੍ਹਾਂ ਫੇਲ੍ਹ ਹੋ ਜਾਵੇਗੀ, ਸਾਡੇ ਸਾਰੇ ਸੈਨਿਕ ਮਾਰੇ ਜਾਣਗੇ। ਇਸ ਲਈ ਕੋਈ ਹੋਰ ਸਥਾਨ ਚੁਣਿਆ ਜਾਵੇ। ਤਦ ਅਧਿਕਾਰੀਆਂ ਨੇ ਆਰਮੀ ਹੈੱਡਕੁਆਟਰ ਨੂੰ ਨਵੇਂ ਦਿਸ਼ਾ-ਨਿਰਦੇਸ਼ਾਂ ਲਈ ਬੇਨਤੀ ਕੀਤੀ। ਤਦ ਉਥੋਂ ਉੱਤਰ ਮਿਲਿਆ, ਅਗਲੇ ਹੁਕਮ ਤਕ ਇਹ ਸਕੀਮ ਰੋਕ ਦਿੱਤੀ ਜਾਵੇ, ਆਰਮੀ ਹੈੱਡ ਕੁਆਟਰ ਤੋਂ **'ਥਰਡ ਏਜੰਸੀ'** ਦੇ ਨਾਲ, ਉੱਥੇ ਭੇਦ ਖੁਲ੍ਹਣ ਦੇ ਖਤਰੇ ਤੇ ਵਿਚਾਰ ਵਟਾਂਦਰਾ ਹੋਇਆ। ਫਿਰ **'ਥਰਡ ਏਜੰਸੀ'** ਨੇ ਇਹ ਪਹਿਲਾ ਵਿਕਲਪ ਰੱਦ ਕਰਕੇ ਦੂਜਾ ਵਿਕਲਪ ਸ੍ਰੀ ਦਰਬਾਰ ਸਾਹਿਬ ਤੇ ਸੈਨਾ ਦੇ ਹਮਲੇ ਲਈ ਭੂਮਿਕਾ ਤਿਆਰ ਕਰਨ ਤੇ ਧਿਆਨ ਕੇਂਦਰਿਤ ਕੀਤਾ।

ਇੰਦਰਾ ਦੀ **'ਥਰਡ ਏਜੰਸੀ'** ਨੇ ਸਭ ਤੋਂ ਪਹਿਲਾਂ ਪੰਜਾਬ ਵਿਚ ਅਰਾਜਕਤਾ ਫੈਲਾਉਣ, ਵੱਖਵਾਦ ਪੈਦਾ ਕਰਨ ਅਤੇ ਸੰਪਰਦਾਇਕ ਮਤਭੇਦ ਪੈਦਾ ਕਰਕੇ ਫ਼ਸਾਦ ਕਰਵਾਉਣ ਦੀਆਂ ਕਈ ਸਕੀਮਾਂ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜਿਸ ਨੂੰ ਸਰਕਾਰੀ ਮੀਡੀਆ ਰਾਹੀ ਬਹੁਤ ਵਧਾ-ਚੜ੍ਹਾ ਕੇ ਦਿਖਾਇਆ ਜਾਣ ਲੱਗਾ। ਇਸ ਝੂਠੇ ਪ੍ਰਾਪੇਗੰਡੇ ਨਾਲ ਉਹ ਭਾਰਤੀ ਜਨਮਾਨਸ ਦੀ ਨਜ਼ਰ ਵਿਚ ਸਿੱਖਾਂ ਨੂੰ ਨੀਵਾਂ ਦਿਖਾ ਕੇ ਉਨ੍ਹਾਂ ਨੂੰ ਦੇਸ਼ਵਾਸੀਆਂ ਦੀ ਮੁੱਖ ਧਾਰਾ ਤੋਂ ਅੱਲਗ ਕਰਕੇ, ਅਪਰਾਧੀ ਦਰਸਾ ਕੇ ਕੁਚਲਨਾ ਚਾਹੁੰਦੀ ਸੀ। ਜਿਵੇਂ ਕੋਈ ਮੱਕੜੀ ਜਾਲ ਬੁਣ ਕੇ ਕੀਟ-ਪਤੰਗਿਆਂ ਨੂੰ ਫਸਾਉਂਦੀ ਹੈ, ਫਿਰ ਉਨ੍ਹਾਂ ਨੂੰ ਖਾ ਜਾਂਦੀ ਹੈ ਠੀਕ ਇਸੇ ਤਰ੍ਹਾਂ ਇੰਦਰਾ ਸਿੱਖ ਨੌਜੁਆਨਾਂ ਨੂੰ ਕੁਰਾਹ ਪਾ ਕੇ ਖਤਮ ਕਰਨ ਦੀਆਂ ਕਈ ਯੋਜਨਾਵਾਂ ਤੇ ਇਕੱਠੇ ਹੀ ਕੰਮ ਕਰ ਰਹੀ ਸੀ। ਦੂਜੇ ਸ਼ਬਦਾਂ ਵਿਚ ਤੁਸੀਂ ਇਸ ਗੱਲ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ ਕਿ ਕੋਈ ਕਪਟੀ ਪਹਿਲਾਂ

ਅੱਗ ਲਾਵੇ ਤੇ ਫਿਰ ਉਸ ਨੂੰ ਬੁਝਾਉਂਣ ਦਾ ਨਾਟਕ ਕਰੇ। ਸਾਰਾ ਕੁਝ ਨਸ਼ਟ ਕਰਕੇ ਖੁਦ ਨਾਇਕ ਬਣ ਕੇ ਆਮ ਜਨਤਾ ਕੀ ਨਜ਼ਰ ਵਿਚ ਇਕ ਉੱਚਾ ਸਥਾਨ ਪ੍ਰਾਪਤ ਕਰ ਲਵੇ ਅਰਥਾਤ ਉਹ ਆਪਣੇ ਆਪ ਨੂੰ ਚੰਡੀਕਾ ਦੇਵੀ ਦਾ ਅਹੁਦਾ ਦਿਵਾਉਂਣਾ ਚਾਹੁੰਦੀ ਸੀ। ਜਿਸ ਨਾਲ ਉਹ ਆਗਾਮੀ ਚੋਣਾਂ ਵਿਚ ਹਿੰਦੂ ਵੋਟਾਂ ਪ੍ਰਾਪਤ ਕਰ ਸਕੇ।

ਇਹ ਕੰਮ ਉਸਦੇ ਗੁਪਤਚਰ ਵਿਭਾਗ ਦੇ ਕਰਮਚਾਰੀਆਂ ਨੇ ਇਸ ਅੰਦਾਜ਼ ਨਾਲ ਕੀਤਾ ਕਿ ਸੰਸਦ ਦੇ ਵਿਰੋਧੀ ਪੱਖ ਨੂੰ ਵੀ ਭਿਣਕ ਤੱਕ ਨਹੀਂ ਲੱਗੀ। ਉਹ ਲੋਕ ਵੀ ਇੰਦਰਾ ਦੀ ਚਾਲ ਨਾ ਸਮਝ ਸਕੇ ਅੰਤ ਇਹ ਆਪਣੀ ਮਿਥੀ ਮੰਜ਼ਿਲ ਦੀ ਪ੍ਰਾਪਤੀ ਵੱਲ  ਵਧਦੀ ਚਲੀ ਗਈ।

**'ਥਰਡ ਏਜੰਸੀ'** ਨੇ ਆਪਣੀ ਗੁਪਤ ਯੋਜਨਾ ਵਿਚ ਇੱਕ ਵਿਸ਼ੇਸ਼ ਗੁਪਤ ਲੋਕਾਂ ਦਾ ਦਲ ਤਿਆਰ ਕੀਤਾ ਹੋਇਆ ਸੀ ਜੋ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਥਾਣਿਆਂ ਵਿਚ ਮੁਖਬਰੀ ਦਾ ਕੰਮ ਕਰਦੇ ਸਨ। ਇਨ੍ਹਾਂ ਵਿਚ ਵਧੇਰੇ ਸਿੱਖ ਨਹੀਂ ਸਨ ਪਰ ਉਨ੍ਹਾਂ ਲੋਕਾਂ ਨੂੰ ਇੱਕ ਖਾਸ ਟ੍ਰੇਨਿੰਗ ਦਿੱਤੀ ਗਈ। ਇਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖਾਂ ਵਾਂਗ ਸਾਬਤ ਸੂਰਤ, ਦਾੜ੍ਹੀ ਵਾਲੇ ਅਤੇ ਇਕ ਖਾਸ ਸੁੰਦਰ ਗਾਤਰੇ ਵਾਲੀ ਕਿਰਪਾਨ ਪਹਿਰਾਵੇ ਦੇ ਉਪਰੋ ਧਾਰਨ ਕਰਨ ਦਾ ਹੁਕਮ ਸੀ। ਇਨ੍ਹਾਂ ਬਹੁ-ਰੂਪੀਆਂ ਨੂੰ ਇੱਕ ਵਿਸ਼ੇਸ਼ ਪਛਾਣ ਪੱਤਰ ਦਿਤੇ ਗਏ ਸਨ ਕਿਉਂਕਿ ਜਦ ਕਦੇ ਉਹ ਆਪਣੇ ਉਪਰਲੇ ਆਕਾ ਦੇ ਕੰਮ ਕਰਦੇ ਹੋਏ ਪੁਲਿਸ ਦੁਆਰਾ ਫੜੇ ਜਾਣ ਤਾਂ ਉਨ੍ਹਾਂ ਤੇ ਕੋਈ ਆਂਚ ਨਾ ਆਵੇ। ਇਨ੍ਹਾਂ ਲੋਕਾਂ ਨੂੰ ਪੂਰੇ ਪੰਜਾਬ ਵਿਚ ਪਿੰਡ-ਪਿੰਡ ਫੈਲਾ ਦਿੱਤਾ ਗਿਆ, ਤਾਂ ਕਿ ਉਹ ਲੋਕਾਂ ਨੂੰ ਆਪਣੇ ਜਾਲ ਵਿਚ ਫਸਾ ਕੇ ਅਫਵਾਹਾਂ ਫੈਲਾਉਣ। ਇਨ੍ਹਾਂ ਦੀ ਸੰਖਿਆ ਲਗਭਗ ਸੱਤ ਹਜ਼ਾਰ (7000) ਦੇ ਕਰੀਬ ਸੀ। ਦੂਜਾ ਇਨ੍ਹਾਂ ਦਾ ਕਾਰਜ ਖੇਤਰ ਉਗਰਵਾਦੀਆਂ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀਆਂ ਸਾਰੀਆਂ ਗਤੀਵਿਧੀਆਂ ਦੀਆਂ ਸੂਚਨਾਵਾਂ ਸਰਕਾਰ ਨੂੰ ਭੇਜਣਾ ਸੀ।

ਇਧਰ ਅਕਾਲੀ ਦਲ ਇੰਦਰਾ ਦੀਆਂ ਨੀਤੀਆਂ ਦਾ ਜੋਰਦਾਰ ਖੰਡਨ ਕਰ ਰਿਹਾ ਸੀ। ਇਸ ਦੇ ਲਈ ਉਨ੍ਹਾਂ ਨੇ ਕਈ ਚੁਣੋਤੀਆਂ ਦਿੱਤੀਆਂ ਅਤੇ ਅਨੇਕ ਵਾਰ ਕਿਹਾ ਕਿ  ਸਾਡੀਆਂ ਮੰਗਾ ਦੇਸ਼ ਦੇ ਸਵਿਧਾਨ ਦੇ ਘੇਰੇ ਦੇ ਅੰਦਰ ਹੀ ਹਨ। ਅਸੀਂ ਅਖੰਡ ਭਾਰਤ ਦੇ ਅੰਦਰ ਰਹਿ ਕੇ ਕੇਵਲ

ਪ੍ਰਾਂਤਾਂ ਲਈ ਹੀ ਕੁਝ ਵਿਸ਼ੇਸ਼ ਅਧਿਕਾਰ ਦੇਣ ਦੀ ਗੱਲ ਕਰਦੇ ਹਾਂ। ਇਹੀ ਮੰਗ ਇਸ ਸਮੇਂ ਕੁਝ ਹੋਰ ਪ੍ਰਾਂਤ ਵੀ ਕਰ ਰਹੇ ਹਨ, ਜੇ ਇਹ ਵਿਸ਼ੇਸ਼ ਅਧਿਕਾਰ ਸਾਰੇ ਪ੍ਰਾਤਾਂ ਨੂੰ ਦੇ ਦਿੱਤੇ ਜਾਣ ਤਾਂ ਸਿਰਫ ਅਧਿਕਾਰਾਂ ਦਾ ਵਿਕੇਂਦਰੀਕਰਨ ਹੋਵੇਗਾ, ਜਿਸ ਨਾਲ ਸਾਰੇ ਪ੍ਰਾਂਤ ਉਨਤੀ ਦੇ ਰਾਹ ਤੇ ਅੱਗੇ ਵਧਣਗੇ।

ਇੰਦਰਾ ਉਨ੍ਹਾਂ ਦੇ ਸ਼ਾਤੀਪੂਰਨ ਅੰਦੋਲਨਾਂ ਨੂੰ ਬਦਨਾਮ ਕਰਕੇ ਕੁਚਲਣ ਦਾ ਕੰਮ ਕਰ ਰਹੀ ਸੀ। ਉਹ ਅੰਦੋਲਨਕਾਰੀਆਂ ਨੂੰ ਉਗਰਵਾਦੀ ਤੇ ਆਤੰਕਵਾਦੀ ਦਰਸਾ ਕੇ ਅਪਮਾਨਿਤ ਕਰਕੇ ਕੁਚਲਣੇ ਦੀ ਪੈਂਤੜੇ-ਬਾਜ਼ੀ ਦੀ ਖੇਡ-ਖੇਡ ਰਹੀ ਸੀ। ਇਸ ਸਮੇਂ ਵਿਰੋਧੀ ਦਲ ਸਿਰਫ ਇਕ ਹੀ ਗਲ ਕਹਿ ਰਹੇ ਸਨ ਕਿ ਸਮੱਸਿਆ ਦਾ ਹੱਲ ਗਲ-ਬਾਤ ਰਾਹੀਂ ਕਢਿਆ ਜਾਣਾ ਚਾਹੀਦਾ ਹੈ। ਚਾਲ-ਬਾਜ ਇੰਦਰਾ ਨੇ ਗਲ-ਬਾਤ ਦੇ ਕਈ ਦੌਰ ਚਲਾਏ, ਜਦੋਂ ਸਮਝੌਤੇ ਦੇ ਪਲ ਨੇੜੇ ਆਉਂਦੇ, ਉਹ ਤਦੇ ਹੀ ਆਪਣੀ **'ਥਰਡ ਏਜੰਸੀ'** ਦੁਆਰਾ ਕੋਈ ਅਜਿਹੀ ਦੁਰਘਟਨਾ ਕਰਵਾ ਦੇਂਦੀ, ਜਿਸ ਨਾਲ ਸਮਝੋਤੇ ਦੇ ਕੰਮ ਠੰਡੇ ਬਸਤੇ ਵਿਚ ਪੈ ਜਾਂਦਾ। ਅਕਾਲੀ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਇਸ ਗਲ ਤੇ ਬਹੁਤ ਦੁਖੀ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਅਸੀਂ ਸਮਝੌਤਾ ਹੋਇਆ ਸਮਝਣ ਲੱਗਦੇ ਹਾਂ, ਉਦੋਂ ਹੀ ਕੋਈ ਉਲਟ ਹਾਲਾਤ ਬਣ ਜਾਂਦੇ ਹਨ। ਅਸਲ ਵਿਚ ਇੰਦਰਾ ਕੋਈ ਸਮਝੌਤਾ ਕਰਨਾ ਹੀ ਨਹੀਂ ਸੀ ਚਾਹੁੰਦੀ। ਉਹ ਤਾਂ ਸਮਾਂ ਬਿਤਾਉਂਣ ਅਤੇ ਪੰਜਾਬ ਦੇ ਵਾਤਾਵਰਣ ਨੂੰ ਹੋਰ ਵਿਗਾੜ ਕੇ ਸਿੱਖ ਨੌਜੁਆਨਾਂ ਤੇ ਕਈ ਪ੍ਰਕਾਰ ਦੇ ਦੂਸ਼ਣ ਲਾ ਕੇ, ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਕਾਰਵਾਈ ਰਾਹੀਂ ਸਿੱਖ ਨੌਜੁਆਨ ਦੀ ਸ਼ਕਤੀ ਨੂੰ ਸਦਾ ਦੇ ਲਈ ਖਤਮ ਕਰਨ ਤੇ ਤੁਲੀ ਹੋਈ ਸੀ। ਇਸ ਕੰਮ ਲਈ ਉਸਨੇ ਆਪਣੇ ਪਰਮ ਮਿਤਰ ਰੂਸ ਦੇ ਗਰਵਾਚੌਫ ਨਾਲ ਵੀ ਸਲਾਹ ਕੀਤੀ। ਉਸ ਦਾ ਸੁਝਾਅ ਸੀ ਕਿ ਪੰਜਾਬ ਦੀ ਨੌਜ਼ਆਨ ਪੀੜੀ ਨੂੰ ਮੌਤ ਦੇ ਘਾਟ ਉਤਾਰ ਦਿਓ, ਬਸ ਇਹੀ ਸਮੱਸਿਆ ਦਾ ਹਲ ਹੈ। ਇੱਥੇ ਹੀ ਬਸ ਨਹੀ ਉਸਨੇ 1983 ਜਨਵਰੀ ਵਿਚ ਬ੍ਰਿਟੇਨ ਦੀ ਪ੍ਰਧਾਨ ਮੰਤਰੀ ਮਿਸਿਜ਼ ਥੈਚਰ ਦੀ ਸਰਕਾਰ ਤੋਂ ਵੀ ਸਲਾਹ ਮੰਗੀ ਕਿ ਉਗਰਵਾਦੀਆਂ ਤੋਂ ਦਰਬਾਰ ਸਾਹਿਬ ਕਿਵੇਂ ਖਾਲੀ ਕਰਵਾਇਆ ਜਾਵੇ। ਥੈਚਰ ਸਰਕਾਰ ਦਾ ਜੁਆਬ ਸੀ ਕਿ

ਹੈਲੀਕਾਪਟਰਾਂ ਨਾਲ ਬੰਬਾਂ ਦਾ ਮੀਂਹ ਵਰ੍ਹਾਇਆ ਜਾ ਸਕਦਾ ਹੈ, ਇਹ ਘਟਨਾਵਾਂ ਉਨ੍ਹਾਂ ਦਿਨਾਂ ਦੀਆਂ ਹਨ ਜਦੋਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਹਾਲਾਤ ਬਿਲਕੁਲ ਸੁਖਾਵੇ ਸਨ, ਉੱਥੇ ਉਗਰਵਾਦ ਦਾ ਕੋਈ ਨਾ-ਨਿਸ਼ਾਨ ਨਹੀਂ ਸੀ।

ਅਕਾਲੀਆਂ ਨਾਲ ਲਗਭਗ 25 ਵਾਰ ਸਿੱਧੇ ਤੇ ਅਸਿੱਧੇ ਰੂਪ ਵਿਚ ਵਾਰਤਾਲਾਪ ਹੋਏ। ਅਕਾਲੀਆਂ ਨੇ ਲਗਭਗ ਆਪਣੀਆਂ ਸਾਰੀਆਂ ਮੰਗਾਂ ਨੂੰ ਇੰਦਰਾ ਦੇ ਅਨੁਕੂਲ ਕਰ ਲਿਆ ਸੀ। ਅਨੇਕ ਵਾਰ ਸੰਧੀ ਦਾ ਮਸੌਦਾ ਆਖਰੀ ਪਲਾਂ ਤੇ ਸੀ ਕੇਵਲ ਇੰਦਰਾ ਦੇ ਦਸਤਖਤ ਹੀ ਰਹਿੰਦੇ ਸਨ ਪਰ ਇੰਦਰਾ ਹਰ ਵਾਰ ਆਪਣੇ ਕਹੇ ਸ਼ਬਦਾਂ ਤੋਂ ਮੁੱਕਰ ਜਾਂਦੀ ਅਤੇ ਸੰਧੀ ਨੂੰ ਰੱਦ ਕਰ ਦੇਂਦੀ ਸੀ। ਅਜਿਹੀ ਮੁਸ਼ਕਿਲ ਸਥਿਤੀ ਵਿਚ ਨੌਜੁਆਨ ਨੇਤਾਵਾਂ ਦਾ ਕਹਿਣਾਂ ਸੀ ਕਿ ਅਕਾਲੀਓ ਕਿਉਂ ਆਪਣਾ ਸਮਾਂ ਅਤੇ ਸ਼ਕਤੀ ਨਸ਼ਟ ਕਰ ਰਹੇ ਹੋ? **'ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤਰ ਨਾ ਹੋਏ'** ਇੰਦਰਾ ਇਹੀ ਤਾਂ ਚਾਹੁੰਦੀ ਸੀ ਕਿ ਅਕਾਲੀਆਂ ਦੇ ਹੱਥਾਂ ਵਿਚੋਂ ਅੰਦੋਲਨ ਦੀ ਕਮਾਂਡ ਨਿਕਲ ਜਾਵੇ ਅਤੇ ਉਗਰਵਾਦ ਨੂੰ ਵਧਣ ਦਾ ਮੌਕਾ ਮਿਲੇ। ਤਾਂ ਕਿ ਉਹ ਪੰਜਾਬ ਨੂੰ ਕੁਚਲਣ ਦੀ ਚਾਲ ਵਿਚ ਸਫਲ ਹੋ ਸਕੇ। ਫਿਰ ਸਮੂਹ ਭਾਰਤੀ ਹਿੰਦੂਆਂ ਤੋਂ ਚੰਡੀਕਾ ਦੇਵੀ ਦੀ ਉਪਾਧੀ ਨਾਲ ਸਨਮਾਨਿਤ ਹੋ ਸਕੇ।

**ਆਖਿਰ ਉਹ ਦਿਨ ਵੀ ਆ ਗਿਆ, ਜਦੋਂ ਇੰਦਰਾ ਨੇ ਫੈਸਲਾ ਕੀਤਾ ਕਿ ਫੌਜੀ ਹਮਲਾ ਉਸ ਦਿਨ ਕੀਤਾ ਜਾਵੇ, ਜਿਸ ਦਿਨ ਵੱਧ ਤੋਂ ਵੱਧ ਸਿੱਖ ਨੌਜੁਆਨ ਪੀੜ੍ਹੀ ਨੂੰ ਖਤਮ ਕੀਤਾ ਜਾ ਸਕੇ। ਉਸ ਦੀ ਥਰਡ ਏਜੰਸੀ ਦੇ ਸੁਝਾਅ ਅਨੁਸਾਰ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਇਸ ਕੰਮ ਲਈ ਬਿਲਕੁਲ ਅਨੁਕੂਲ ਹੈ। ਕਿਉਂਕਿ ਸਮੂਹ ਸਿੱਖ ਸੰਗਤ ਉਸ ਦਿਨ ਦੂਰ-ਦੁਰੇਡਿਉਂ ਗੁਰੂ ਜੀ ਦਾ ਸ਼ਹੀਦੀ ਦਿਵਸ ਮਨਾਉਂਣ ਲਈ ਉੱਥੇ ਇਕੱਠੀ ਹੁੰਦੀ ਹੈ। ਇਸ ਕੰਮ ਲਈ ਪੂਰੇ ਪੰਜਾਬ ਵਿਚ ਲਗਭਗ ਇਕ ਲੱਖ ਸੈਨਿਕਾਂ ਨੇ ਆਧੁਨਿਕ ਸ਼ਸਤਰਾਂ ਨਾਲ ਲੈਸ ਹੋ ਕੇ ਲਗਭਗ 70 ਵੱਡੇ ਗੁਰਦੁਆਰਿਆਂ ਤੇ ਜਿਹੜੇ ਪੰਜਾਬ ਦੇ ਵੱਖ ਵੱਖ ਥਾਵਾਂ ਤੇ ਸਨ, ਹਮਲਾ ਕਰ ਦਿੱਤਾ। ਦੇਖਦਿਆਂ ਹੀ ਦੇਖਦਿਆਂ ਉਨ੍ਹਾਂ ਸੈਨਿਕਾਂ ਨੇ ਨਿਰਦੋਸ਼ ਸੰਗਤਾਂ ਨੂੰ ਗੋਲਿਆਂ ਨਾਲ ਭੁੰਨ ਕੇ ਸਦਾ ਦੀ ਨੀਂਦ**

ਸੁਆ ਦਿੱਤਾ। ਅਰਥਾਤ ਉਨ੍ਹਾਂ ਫੌਜੀਆਂ ਨੇ ਅੰਨੇ ਵਾਹ ਜ਼ਿੰਦਗੀ ਨੂੰ ਮੌਤ ਵਿਚ ਬਦਲ ਦਿੱਤਾ। ਇਨ੍ਹਾਂ ਸੈਨਿਕਾਂ ਨੂੰ 'ਥਰਡ ਏਜੰਸੀ' ਨੇ ਇਕ (Code Word) ਸ਼ਬਦ ਦਿੱਤਾ ਸੀ 'ਸਿੱਖ' ਭਾਵ 'ਦੁਸ਼ਮਣ' ਚਾਰੋ ਪਾਸੇ ਲਾਸ਼ਾਂ ਦੇ ਢੇਰ ਲੱਗ ਗਏ। ਇਸ ਕਾਲੀ ਕਰਤੂਤ ਨੂੰ ਛਿਪਾਉਂਣ ਲਈ ਇੰਦਰਾ ਦੀ 'ਥਰਡ ਏਜੰਸੀ' ਨੇ ਪੂਰੇ ਪੰਜਾਬ ਵਿਚ ਕਰਫਿਊ ਦੇ ਹੁਕਮ ਜਾਰੀ ਕਰਕੇ ਸਾਰੇ ਸੰਚਾਰ ਸਾਧਨ ਬੰਦ ਕਰ ਦਿੱਤੇ। ਮੀਡੀਆ ਦੇ ਵਿਅਕਤੀਆਂ ਨੂੰ ਕੈਦ ਕਰ ਲਿਆ ਗਿਆ। ਇਸ ਤਰ੍ਹਾਂ ਪੰਜਾਬ ਨੂੰ ਦੇਸ਼ ਦੇ ਦੂਜੇ ਭਾਗਾਂ ਤੋਂ ਬਿਲਕੁਲ ਅਲੱਗ ਕਰਕੇ ਕੁਚਲਣ ਦਾ ਕੰਮ ਸ਼ੁਰੂ ਕਰ ਦਿੱਤਾ। ਇਹ ਦਿਨ 2 ਜੂਨ 1984 ਸੀ। ਇੰਦਰਾ ਨੇ ਸਭ ਤੋਂ ਪਹਿਲਾਂ ਆਪਣੇ ਮੁੱਖ ਉਦੇਸ਼ ਸ੍ਰੀ ਦਰਬਾਰ ਸਾਹਿਬ ਤੇ ਕਬਜ਼ਾ ਕਰਨ ਲਈ ਭਾਰੀਆਂ ਗੱਡੀਆਂ, ਟੈਕਾਂ, ਤੋਪਾਂ ਅਤੇ ਆਟੋਮੈਟਿਕ ਰਾਈਫਲਾਂ ਨਾਲ ਅੱਧੀਰਾਤ ਲਗਭਗ 11 ਵਜੇ, ਤੀਹ ਹਜ਼ਾਰ ਸੈਨਿਕਾਂ ਨਾਲ ਹਮਲਾ ਕਰ ਦਿੱਤਾ। ਭਾਰਤੀ ਸੇਨਾ ਨੇ ਸ੍ਰੀ ਦਰਬਾਰ ਸਾਹਿਬ ਨੂੰ ਚਾਰਾਂ ਪਾਸਿਆਂ ਤੋਂ ਘੇਰ ਲਿਆ ਸੀ। ਸਾਰੇ ਪਾਸਿਉਂ ਸੇਨਾ ਅੱਗੇ ਵਧਦੀ ਹੋਈ ਅੱਗ ਦੇ ਗੋਲੇ ਵਰਸਾ ਰਹੀ ਸੀ। ਅਜਿਹੇ ਹਾਲਾਤ ਵਿਚ ਉੱਥੇ ਆਏ ਬਹੁਤੇ ਤੀਰਥ ਯਾਤਰੀ ਉਸੇ ਸਮੇਂ ਮਾਰੇ ਗਏ, ਜਿਹੜੇ ਬੱਚ ਗਏ ਉਹ ਭੱਜ ਕੇ ਯਾਤਰੀ ਨਿਵਾਸਾਂ ਵਿਚ ਸ਼ਰਨ ਲੈਣ ਲਈ ਪਹੁੰਚੇ, ਪਰ ਉਥੇ ਵੀ ਪਾਣੀ ਬਿਜਲੀ ਨਾ ਹੋਣ ਤੇ ਅਤਿ ਦੀ ਗਰਮੀ ਦੇ ਕਾਰਣ ਉਨ੍ਹਾਂ ਨੂੰ ਅੰਤ ਮੌਤ ਨੂੰ ਹੀ ਗਲੇ ਲਾਉਣਾ ਪਿਆ।

## 'ਬਲਿਊ ਸਟਾਰ ਅਪਰੇਸ਼ਨ (ਯੁੱਧ) ਦਾ ਵਿਸ਼ਲੇਸ਼ਣ'

ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਅਕਾਲੀਆਂ ਤੋਂ ਬਦਲਾ ਲੈਣ ਅਤੇ ਆਗਾਮੀ 1984 ਦੇ ਅੰਤ ਵਿਚ ਰਾਸ਼ਟਰੀ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਲਈ ਜੋ ਹੰਥ-ਕੰਡੇ ਅਪਨਾਏ, ਬੇਸ਼ਕ ਉਹ ਗੁਪਤ ਸਨ, ਏਨੇ ਗੁਪਤ ਕਿ ਕਿਸੇ ਨੂੰ ਭਿਣਕ ਤੱਕ ਨਹੀ ਲੱਗ ਸਕੀ। ਸਿਰਫ਼ ਵੋਟ ਬੈਂਕ ਦੀ ਕੁਟਿਲ ਨੀਤੀ ਦੇ ਕਾਰਣ ਇਕ ਦੇਸ਼ ਭਗਤ ਸੰਪਰਦਾਇ ਨੂੰ ਬਦਨਾਮ ਕਰਨ ਅਤੇ ਉਸ ਕੌਮ ਦੀ ਨਸਲ-ਕੁਸ਼ੀ ਕਰਕੇ ਜੋ ਪ੍ਰਾਪਤੀਆਂ ਉਹ ਚਾਹੁੰਦੀ ਸੀ, ਦੇਸ਼ ਅਤੇ ਭਾਰਤੀ ਸਮਾਜ ਨੂੰ ਉਹ ਕਿੰਨੀਆਂ ਮਹਿੰਗੀਆਂ ਪਈਆਂ। ਹੁਣ ਇਥੇ ਉਨ੍ਹਾਂ ਦਾ ਮੁਲਾਂਕਣ ਕਰਾਂਗੇ।

1. ਸਭ ਤੋਂ ਪਹਿਲਾਂ, ਉਸ ਦੀ **'ਥਰਡ ਏਜੰਸੀ'** ਨੇ ਇਕ ਅਤਿ ਘਿਨਾਉਂਣਾ ਕੰਮ ਦੋ ਵਾਰ ਕਰਵਾਇਆ, ਜੋ ਅਤਿ ਨੀਚ ਪ੍ਰਵਿਰਤੀ ਦਾ ਸੀ, ਇਸ ਨੂੰ ਅਸਲ ਵਿਚ ਥਰਡ ਕਲਾਸ (ਤੀਜੇ ਦਰਜੇ) ਦੀ ਰਾਜਨੀਤੀ ਕਹਿ ਸਕਦੇ ਹਾਂ। ਉਹ ਸੀ ਅੱਧੀ ਰਾਤ ਨੂੰ ਬੱਸਾਂ ਵਿਚੋਂ ਹਿੰਦੂਆਂ ਨੂੰ ਚੁਣ-ਚੁਣ ਕੇ ਮੌਤ ਦੇ ਘਾਟ ਉੱਤਾਰ ਦੇਣਾ। ਇਨ੍ਹਾਂ ਨਿਰਦੋਸ਼ਾਂ ਦੀ ਹਤਿਆ ਦਾ ਜੁਰਮ ਨਿਰਅਪਰਾਧ ਅੰਦੋਲਨਕਾਰੀਆਂ ਦੇ ਸਿਰ ਮੜ੍ਹ ਦੇਣਾਂ, ਜਿਸ ਨਾਲ ਬਿਨ੍ਹਾਂ ਕਾਰਣ ਦੋ ਸੰਪਦਾਵਾਂ ਵਿਚ ਘ੍ਰਿਣਾ ਅਤੇ ਤਨਾਵ ਪੈਦਾ ਕਰਨਾ।

2. ਦੇਸ਼ ਦੀ ਸੇਨਾ ਵਿਚ ਸੰਪਰਦਾਇਕ ਤਨਾਓ ਪੈਦਾ ਕਰਨਾ, ਜਿਸ ਕਰਕੇ ਸੇਨਾ ਵਿਚ ਸਿੱਖ ਸੈਨਿਕਾਂ ਨੂੰ ਬਗਾਵਤ ਕਰਨ ਤੇ ਮਜ਼ਬੂਰ ਹੋਣਾ ਪਿਆ।

3. **ਭਾਰਤੀ ਸੇਨਾ ਨੂੰ ਆਪਣੇ ਹੀ ਦੇਸ਼ ਭਗਤੀ ਜਨਤਾ ਦੇ ਵਿਰੁੱਧ ਵਿਸ਼ਾਲ ਸੈਨਿਕ ਅਭਿਆਨ (ਮੁਹਿੰਮ) ਚਲਾਉਂਣੇ ਪਏ, ਜਿਸ ਵਿਚ ਲਗਭਗ 15,307 ਸੈਨਿਕ ਮਾਰੇ ਗਏ। ਇੰਨੇ ਹੀ ਜ਼ਖਮੀ ਅਤੇ ਨਕਾਰਾ ਹੋਏ। ਇਨ੍ਹਾਂ ਵਿਚ 1500 (ਪੰਦਰਾਂ ਸੌ) ਸੈਨਿਕ ਉਹ ਵੀ ਸਨ, ਜਿਨ੍ਹਾਂ ਨੇ 'ਕਮਾਂਡੋ ਟ੍ਰੇਨਿੰਗ' ਪ੍ਰਾਪਤ ਕੀਤੀ ਹੋਈ ਸੀ।**

4. ਬਲਿਊ ਸਟਾਰ, ਬਲੈਕ ਥੰਡਰ ਅਤੇ ਵੁਡਰੋਜ਼ ਅਪਰੇਸ਼ਨਾਂ ਵਿਚ ਸਿੱਖ ਯੁਵਾ ਪੀੜ੍ਹੀ ਦੇ ਲਗਭਗ **ਪੰਜਾਹ ਹਜ਼ਾਰ** (50,000) ਨਿਰਦੋਸ਼ ਵਿਅਕਤੀਆਂ ਨੂੰ ਮੌਤ ਦੇ ਘਾਟ ਉੱਤਾਰ ਦਿੱਤਾ ਗਿਆ।

5. ਹਜ਼ਾਰਾਂ ਇਸਤਰੀਆਂ ਦਾ ਸੱਤ ਆਪਣੇ ਹੀ ਭਾਰਤੀ ਸੈਨਿਕਾਂ ਦੁਆਰਾ ਭੰਗ ਕੀਤਾ ਗਿਆ।

6. ਪੂਰਾ ਇਕ ਹਫਤਾ ਪੂਰਾ ਪੰਜਾਬ 'ਕਰਫਿਊ ਹੁਕਮਾਂ' ਦੇ ਕਾਰਣ ਸੀਲ ਬੰਦ ਰਿਹਾ। ਬੱਚੇ ਦੂੱਧ ਦੇ ਲਈ ਵਿਲਕਦੇ ਰਹੇ। ਅਤਿ ਦੀ ਗਰਮੀ ਵਿਚ ਘਰਾਂ ਵਿਚ ਬੰਦ ਲੋਕਾਂ ਨੂੰ ਬਿਜਲੀ ਤੇ ਪਾਣੀ ਨਾ ਮਿਲਿਆ। ਸਾਰਾ ਕੰਮ-ਕਾਜ, ਕਾਰੋਬਾਰ ਠੱਪ ਰਿਹਾ, ਲੋਕ ਘਰਾਂ ਵਿਚ ਕੈਦ -ਭੈ-ਭੀਤ ਮੌਤ ਦਾ ਨੰਗਾ ਨਾਚ ਵੇਖਦੇ ਰਹੇ।

7. ਹਜ਼ਾਰਾਂ ਲੋਕਾਂ ਨੂੰ ਕੇਵਲ ਸ਼ੱਕ ਦੇ ਆਧਾਰ ਤੇ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਬੰਦ ਰਖਿਆ ਗਿਆ।

8. ਭਾਰਤ ਸਰਕਾਰ ਨੂੰ ਖੰਡਰ ਬਣੇ ਭਵਨਾਂ ਦੀ ਮੁੜ ਉਸਾਰੀ ਲਈ ਕਰੋੜਾਂ ਰੁਪਏ ਖਰਚਣੇ ਪਏ।

9. ਪੂਰੇ ਸੰਸਾਰ ਦੇ ਸਨਮੁੱਖ ਭਾਰਤ ਦੀ ਧਰਮ-ਨਿਰਪੇਖਤਾ ਦੀ ਨੀਤੀ ਮਿੱਟੀ ਵਿਚ ਮਿਲ ਗਈ। ਭਾਰਤ ਵਿਸ਼ਵ ਵਿਚ ਇੱਕ ਅਸ਼ਾਂਤ ਅਤੇ ਅਰਾਜਕਤਾ ਭਰਪੂਰ ਦੇਸ਼ ਮੰਨਿਆ ਜਾਣ ਲੱਗਾ।

10. ਸੱਤਾ (ਤਾਕਤ) ਦੀ ਭੁੱਖ ਦੇ ਕਾਰਣ ਜਿਸਨੇ ਐਨੀ ਵੱਡੀ ਘਿਨਾਉਂਣੀ ਤੇ ਕੂਟਨੀਤਕ ਚਾਲ ਚਲੀ, ਉਹ ਬਲਿਊ ਸਟਾਰ ਅਪਰੇਸ਼ਨ, ਉਸੇ ਦੀ ਹਤਿਆਂ ਦਾ ਕਾਰਣ ਬਣਿਆ।

11. ਭਾਰਤੀ ਸੈਨਿਕਾਂ ਨੇ ਆਪਣੇ ਹੀ ਦੇਸ਼ ਵਾਸੀਆਂ, ਨਿਰਦੋਸ਼ ਤੀਰਥ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨ ਕੇ ਮੌਤ ਦੇ ਘਾਟ ਉੱਤਾਰ ਕੇ ਆਪਣੇ ਹੀ ਇਤਿਹਾਸ ਤੇ ਕਾਲਖ ਮੱਲ ਲਈ ਅਤੇ ਇਤਿਹਾਸ ਨੂੰ ਦਾਗੀ ਕਰ ਦਿੱਤਾ।

12. ਸਿਰਫ 'ਬਲਿਊ ਸਟਾਰ ਅਪਰੇਸ਼ਨ' ਤੇ 4373 ਕਰੋੜ ਰੁਪਏ ਖਰਚ ਹੋਏ, ਜੋਕਿ ਸਰਕਾਰੀ ਖਜ਼ਾਨੇ ਦਾ ਦੁਰਉਪਯੋਗ ਸੀ। ਇਸ ਵੱਡੀ ਰਕਮ ਨਾਲ ਦੇਸ਼ ਦੇ ਅਨੇਕ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾ ਸਕਦੇ ਸਨ। ਐਨਾ ਵਡਾ ਖਰਚਾ ਤਾਂ ਸਿਰਫ ਪੰਜਾਬ ਨੂੰ ਕਾਬੂ ਵਿਚ ਰਖਣ ਲਈ ਕੀਤਾ ਗਿਆ ਸੀ। ਸੇਨਾ ਦਾ ਖਰਚਾ ਤਾਂ ਇਸ ਤੋਂ ਅਲਗ ਹੈ, ਜੋਕਿ ਕਈ ਅਰਬਾਂ ਰੁਪਿਆਂ ਵਿਚ ਖਰਚ ਹੋਇਆਂ ਹੈ।

## 'ਅਫਵਾਹਾਂ ਤੇ ਝੂਠੇ ਪ੍ਰਾਪੇਗੰਡੇਂ ਤੇ ਸੁਆਲ'

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਰਕਾਰਾਂ ਆਮ ਜਨਤਾ ਨੂੰ ਗੁੰਮਰਾਹ ਕਰਨ ਲਈ ਝੂਠੇ ਪ੍ਰਾਪੇਗੰਡੇਂ ਦਾ ਸਹਾਰਾ ਲੈਂਦੀਆਂ ਹੀ ਰਹਿੰਦੀਆਂ ਹਨ ਅਜਿਹੇ ਕੰਮਾਂ ਵਿਚ ਸਫ਼ਲ ਵੀ ਹੁੰਦੀਆਂ ਰਹੀਆਂ ਹਨ। ਕਿਉਂਕਿ ਵਿਰੋਧੀ ਧਿਰ ਕੋਲ ਮੀਡੀਆ ਅਤੇ ਧਨ ਦੇ ਵਧੇਰੇ ਸਾਧਨ ਨਹੀਂ ਹੁੰਦੇ।

ਅਸਲ ਵਿਚ ਸੱਤਾਧਾਰੀ ਸੱਤਾ ਦੇ ਦੁਰਉਪਯੋਗ ਨਾਲ ਸੱਚ ਨੂੰ ਕੁਚਲਦੇ ਹੀ ਰਹੇ ਹਨ। ਠੀਕ ਇਹੀ ਕੁਝ ਇੰਦਰਾ ਨੇ ਵੀ ਕੀਤਾ। ਉਸਨੇ ਸ੍ਰੀ ਦਰਬਾਰ ਸਾਹਿਬ ਵਿਚ ਸੈਨਿਕ ਹਮਲੇ ਨੂੰ ਠੀਕ (ਉਚਿਤ) ਕਾਰਵਾਈ ਦੱਸਣ ਲਈ ਅਨੇਕ ਚੱਕਰਵਿਊ ਰਚੇ। ਜਿਸ ਅਨੁਸਾਰ ਉਸਨੇ ਮੀਡੀਆ ਦੁਆਰਾ ਲੋਕਾਂ ਵਿਚ ਝੂਠਾ ਭਰਮ ਪਾ ਦਿੱਤਾ ਕਿ ਦਰਬਾਰ ਸਾਹਿਬ ਦੇ ਅੰਦਰ ਸ਼ਸ਼ਤਰਾਂ ਦੇ ਭੰਡਾਰ ਹਨ। ਜਦੋਂ ਬਲਿਊ ਸਟਾਰ ਅਪਰੇਸ਼ਨ ਸਮਾਪਤ ਹੋਇਆ ਤਾਂ ਸੇਨਾ ਨੂੰ ਉਥੋਂ ਜੋ ਸ਼ਸਤਰ ਮਿਲੇ, ਉਨ੍ਹਾਂ ਦੀ ਗਿਣਤੀ ਏਨੀ ਘੱਟ ਸੀ, ਕਿ ਸੇਨਾ ਦੀ ਇੱਕ ਕੰਪਨੀ ਨੂੰ ਜਿੰਨੇ ਸ਼ਸਤਰ ਦਿੱਤੇ ਜਾਂਦੇ ਹਨ, ਉਸ ਤੋਂ ਵੀ ਕਿਤੇ ਘੱਟ। ਇਨ੍ਹਾਂ ਵਿਚ ਵਧੇਰੇ ਸ਼ਸਤਰ ਸੇਨਾ ਦੁਆਰਾ 'ਆਉਟ ਆਫ ਡੇਟ' ਹੋਣ (ਨਕਾਰਾ) ਕਰਕੇ ਤਿਆਗ ਦਿੱਤੇ ਗਏ ਸਨ। ਕੁਝ ਥੋੜ੍ਹੇ ਜਿਹੇ ਸ਼ਸਤਰ ਆਧੁਨਿਕ ਸ਼ਸਤਰਾਂ ਦੀ ਹਾਲਤ ਵਿਚ ਸਨ ਉਨ੍ਹਾਂ ਦੀ ਗਿਣਤੀ ਆਟੇ ਵਿਚ ਲੂਣ ਬਰਾਬਰ ਵੀ ਨਹੀਂ ਸੀ, ਬਹੁਤ ਹੀ ਘੱਟ ਸਨ।

1. ਹੁਣ ਸੁਆਲ ਇਹ ਉਠਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਤੇ ਇੱਕ ਲੱਖ ਅਤਿ ਆਧੁਨਿਕ ਅਸਤਰਾਂ-ਸ਼ਸਤਰਾਂ ਨਾਲ ਲੈਸ ਸੈਨਿਕ ਹਮਲਾ ਕਿਸ ਨੇ ਕੀਤਾ? ਇਸ ਦੀ ਕੀ ਲੋੜ ਸੀ? ਕੀ ਸ੍ਰੋਮਣੀ ਕਮੇਟੀ ਤੇ ਜ਼ੋਰ ਪਾ ਕੇ ਉਗਰਵਾਦੀਆਂ ਤੋਂ ਦਰਬਾਰ ਸਾਹਿਬ ਖਾਲੀ ਕਰਵਾਕੇ ਇਹ ਹਥਿਆਰ ਵਾਪਿਸ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਸਨ?

2. ਸਭ ਤੋਂ ਵੱਡਾ ਸੁਆਲ ਇਹ ਹੈ ਕਿ ਅਕਾਲੀ ਦਲ ਨਾਲ ਵਾਰ-ਵਾਰ ਸੰਧੀ ਹੁੰਦੀ -ਹੁੰਦੀ ਕਿਉਂ ਆਖਰੀ ਪਲਾਂ ਵਿਚ ਭੰਗ ਕਰ ਦਿੱਤੀ ਜਾਂਦੀ ਸੀ?

3. ਬਾਜ਼ੀ ਉਗਰਵਾਦੀਆਂ ਦੇ ਹੱਥਾਂ ਵਿਚ ਕਿਉਂ ਜਾਣ ਦਿੱਤੀ ਗਈ?

4. ਲੰਮੇ ਸਮੇਂ ਤੱਕ ਉਗਰਵਾਦ ਨੂੰ ਵੱਧਣ ਦਾ ਮੌਕਾ ਕਿਸ ਨੇ ਦਿੱਤਾ? ਠੀਕ ਸਮੇਂ ਤੇ ਕਾਰਵਾਈ ਕਿਉਂ ਨਹੀਂ ਕੀਤੀ ਗਈ। ਉਗਰਵਾਦੀਆਂ ਨੂੰ ਮੋਰਚਾ ਬੰਦੀ ਦਾ ਸਮਾਂ ਕਿਸ ਨੇ ਦਿੱਤਾ।

5. ਸਾਰੇ ਜਾਣਦੇ ਹਨ ਕਿ ਅੰਗਰੇਜ਼ੀ ਸ਼ਾਸਨ ਕਾਲ ਵਿਚ ਭਾਰਤੀ ਰਿਆਸਤਾਂ ਦੇ ਕੋਲ ਆਪਣੀ ਸੇਨਾ ਅਤੇ ਆਪਣੇ ਅਸਤਰ-ਸ਼ਸਤਰ ਹੁੰਦੇ ਸਨ। ਤਦ ਅੰਗਰੇਜ਼ੀ ਸਰਕਾਰ ਨੂੰ ਉਨ੍ਹਾਂ ਦੀ ਬਗਾਵਤ

ਦੇ ਸ਼ੱਕ ਤੋਂ ਕਦੇ ਡਰ ਨਹੀਂ ਸੀ ਲੱਗਾ। ਪਰ 0.25 ਵਰਗ ਕਿਲੋਮੀਟਰ ਅਰਥਾਤ ਇੱਕ ਚੌਥਾਈ ਵਰਗ ਕਿਲੋਮੀਟਰ ਖੇਤਰਫਲ ਵਾਲੇ ਸਥਾਨ ਵਿਚ ਇਕ ਕੰਪਨੀ ਦੇ ਹਥਿਆਰ ਹੋਣ ਤੇ ਉਸਨੂੰ ਹਰਾਉਂਣ ਤੇ ਆਪਣੀ ਜਿੱਤ ਪ੍ਰਾਪਤ ਕਰਨ ਲਈ ਇਕ ਲੱਖ ਸੈਨਿਕਾਂ ਦੇ ਵਿਸ਼ਾਲ ਹਮਲੇ ਦੀ ਕੀ ਲੋੜ ਸੀ?

6. ਜੇਕਰ ਫੌਜੀ ਹਮਲਾ ਬਹੁਤ ਹੀ ਜ਼ਰੂਰੀ ਸੀ ਤਾਂ ਉਹ ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਵਸ ਦੇ ਮੌਕੇ ਤੇ ਹੀ ਕਿਉਂ ਕੀਤਾ ਗਿਆ? ਕੀ ਸੰਗਤ ਅਰਥਾਤ ਆਮ ਜਨਤਾ, ਨਿਰਦੋਸ਼ ਲੋਕਾਂ ਦੀ ਹਤਿਆ ਕਰਨ ਦੀ ਇਛਾਂ ਸੀ? ਜੇ ਨਹੀਂ ਤਾਂ ਫਿਰ ਸ੍ਰੀ ਦਰਬਾਰ ਸਾਹਿਬ ਨੂੰ ਅੰਦਰੋਂ ਖਾਲੀ ਕਰਵਾਉਂਣ ਦੀ ਚਿਤਾਵਨੀ ਕਿਉਂ ਨਹੀਂ ਦਿੱਤੀ ਗਈ? ਜਦ ਕਿ ਇਸ ਫੌਜ਼ੀ ਮੁਹਿੰਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਨਿਰਦੋਸ਼ ਤੀਰਥ ਯਾਤਰੀ ਆਪਣੇ ਪਰਿਵਾਰਾਂ ਸਹਿਤ ਸੇਨਾ ਦੇ ਹੱਥੋਂ ਮੌਤ ਦੇ ਘਾਟ ਉਤਾਰ ਦਿੱਤੇ ਗਏ?

7. ਭਾਰਤੀ ਸੇਨਾ ਨੇ ਆਪਣੇ ਹੀ ਦੇਸ਼ ਦੇ ਨਿਰਦੋਸ਼ ਤੀਰਥ ਯਾਤਰੀਆਂ ਨੂੰ ਸਿਰਫ਼ ਸਿੱਖ ਹੋਣ ਕਰਕੇ ਗੋਲੀਆਂ ਨਾਲ ਭੁੰਨ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਨ੍ਹਾਂ ਵਿਚ ਬੱਚੇ, ਬੁੱਢੇ ਤੇ ਇਸਤਰੀਆਂ ਵੀ ਸਨ। ਇਸ ਤਰ੍ਹਾਂ ਭਾਰਤੀ ਫੌਜ ਨੇ ਆਪਣੇ ਇਤਿਹਾਸ ਨੂੰ ਆਪਣੇ ਹਥਾਂ ਨਾਲ ਕਾਲੇ ਅੱਖਰਾਂ ਵਿਚ ਲਿਖ ਕੇ ਦਾਗੀ ਕਰ ਲਿਆ।

8. ਸਰਕਾਰੀ ਮੀਡੀਆ ਦੁਆਰਾ ਸ਼ਰਮਨਾਕ ਘਿਨਾਉਣੀਆਂ ਹਰਕਤਾਂ ਕੀਤੀਆਂ ਗਈਆਂ, ਇਹ ਪ੍ਰਸਾਰਿਤ ਕੀਤਾ ਗਿਆ ਕਿ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਲੜਕੀਆਂ ਫ਼ੜੀਆਂ ਗਈਆਂ, ਜਿਨ੍ਹਾਂ ਕੋਲ ਨਸ਼ੀਲੇ ਪਦਾਰਥ ਅਤੇ ਨਿਰੋਧ ਮਿਲੇ। ਫਿਰ ਜਦ ਇਸ ਖ਼ਬਰ ਦੀ ਜਨਤਾ ਦੁਆਰਾ ਘੋਰ ਨਿੰਦਾ ਤੇ ਵਿਰੋਧ ਕੀਤਾ ਗਿਆ ਤਾਂ ਖੁਦ ਹੀ ਉਸ ਦਾ ਖੰਡਨ ਕਰਕੇ ਕਿਹਾ ਕਿ ਇਹ ਵਸਤਾਂ ਤਾਂ ਕਿਸੇ ਹੋਰ ਥਾਂ ਤੋਂ ਮਿਲੀਆਂ ਹਨ।

9. ਇੱਥੇ ਹੀ ਬਸ ਨਹੀ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਭਿੰਡਰਾਂਵਾਲੇ ਨੇ ਬੰਬ ਬਣਾਉਂਣ ਦੀ ਫੈਕਟਰੀ ਲਾਈ ਹੋਈ ਹੈ, ਜਿੱਥੇ ਅੰਦਰ ਹੀ ਹਥਿਆਰ ਤਿਆਰ ਕੀਤੇ ਜਾਂਦੇ ਹਨ ਆਦਿ-ਆਦਿ!!!

# 'ਇੰਦਰਾ ਗਾਂਧੀ ਦੀ ਹੱਤਿਆ ਅਤੇ ਸਰਕਾਰੀ ਤੰਤਰ ਦੁਆਰਾ ਸਿੱਖ ਸਮਾਜ ਦੀ ਨਸਲ-ਕੁਸ਼ੀ ਦੀ ਕੋਝੀ ਚਾਲ'

ਦਰਬਾਰ ਸਾਹਿਬ ਤੇ ਹਮਲਾ ਸਿੱਖ ਸੰਸਾਰ ਲਈ ਇਕ ਭਾਰੀ ਵੰਗਾਰ ਸੀ। ਇਸ ਵੰਗਰ ਨੂੰ ਦੋ ਮਰਜੀਵਣਿਆਂ ਸਿੰਘਾ ਨੇ ਸਵੀਕਾਰ ਕਰ ਲਿਆ ਅਤੇ ਅਣਖੀਲੀ ਕੋਮਦੇ ਜਵਾਨਾਂ ਨੇ ਮੁੜਕੇ ਇਤਿਹਾਸ ਨੂੰ ਦੁਹਰਾ ਦੇ ਹੋਇਆ। ਆਖਿਰ ਇੰਦਰਾ ਨੂੰ ਸਦਾ ਦੀ ਨੀਂਦ ਸੁਆ ਦਿਤਾ ਅਤੇ ਓਹ ਕੌਮ ਲਈ ਕੁਰਬਾਨੀ ਕਰ ਗਏ। ਜਿਉਂ ਹੀ ਇੰਦਰਾ ਗਾਂਧੀ ਦੀ ਹਤਿਆ ਦੀ ਖਬਰ ਪ੍ਰਸਾਰਿਤ ਹੋਈ, ਉਸੇ ਵਕਤ  ਦਿੱਲੀ ਵਿਚ ਸਾਰੇ ਕਾਂਗਰਸੀ ਨੇਤਾਵਾਂ ਨੇ ਇੱਕ ਗੁਪਤ ਮੀਟਿੰਗ ਦਾ ਪ੍ਰਬੰਧ ਕੀਤਾ। ਇਹ ਗੁਪਤ ਮੀਟਿੰਗ ਵਿਚ ਦਿੱਲੀ ਸ਼ਹਿਰ ਦੇ ਪ੍ਰਸਿੱਧ ਕਾਂਗਰਸੀ ਗੁੰਡੇ ਵੀ ਸ਼ਾਮਲ ਹੋਏ। ਇਨ੍ਹਾਂ ਗੁੰਡਿਆਂ ਦੀ ਅਗਵਾਈ ਦਿੱਲੀ ਦੇ ਸਥਾਨਕ ਸੰਸਦ ਮੈਂਬਰਾਂ ਨੇ ਕੀਤੀ, ਜਿਨ੍ਹਾਂ ਵਿਚ ਐਚ.ਕੇ.ਐਲ. ਭਗਤ ਪ੍ਰਮੁੱਖ ਸੀ। ਉਸ ਨੇ ਸਾਰੇ ਗੁੰਡਿਆਂ ਨੂੰ ਉਕਸਾਇਆ, ਭੜਕਾਇਆ ਅਤੇ ਓਨ੍ਹਾਂ ਨੂੰ ਦਿੱਲੀ ਵਿਚਲੇ ਪੂਰੇ ਸਿੱਖ ਸਮਾਜ ਨੂੰ ਖਤਮ  ਕਰਨ ਦਾ ਆਦੇਸ਼ ਦਿੱਤਾ। ਅਜਿਹਾ ਕਰਨ ਲਈ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸਾਧਨ ਪ੍ਰਯੋਗ ਕਰਨ ਦਾ ਹੋਸਲਾ ਦਿੱਤਾ ਕਿ ਸਾਰੇ ਕਤਲ ਸਰਕਾਰੀ-ਤੰਤਰ ਵਲੋਂ ਮਾਫ ਰੱਖੇ ਜਾਣਗੇ, ਉੱਥੇ ਗੁੰਡਿਆਂ ਵਲੋਂ ਅਨੇਕ ਤਰੀਕਿਆਂ ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰੇ ਸਥਾਨਕ ਕਾਂਗਰਸੀ ਗੁੰਡਿਆਂ ਨੇ ਇਸ ਕੰਮ ਲਈ ਆਪਣੀ-ਆਪਣੀ ਭੁਮਿਕਾ ਨਿਭਾਉਂਣ ਲਈ ਨਵੇਂ-ਨਵੇਂ ਸੁਝਾਅ ਦਿੱਤੇ ਅਤੇ ਉਨ੍ਹਾਂ ਤੇ ਅਮਲ ਕਰਨ ਲਈ ਆਦੇਸ਼ ਮੰਗੇ, ਜਿਉਂ ਹੀ ਸੰਕੇਤ ਮਿਲਿਆ ਗੁੰਡਿਆਂ ਨੇ ਮੌਤ ਦੇ ਤਾਂਡਵ ਨਾਚ ਲਈ ਕਮਰ-ਕਸ ਲਈ, ਫਿਰ 01 ਨਵੰਬਰ, 1984 ਦੀ ਸਵੇਰ ਨੂੰ ਗਲੀਆਂ ਬਾਜ਼ਾਰਾਂ ਵਿਚ ਨਿਕਲ ਪਏ।

# ਰਾਜੀਵ ਦਾ ਭਾਸ਼ਣ

ਇਥੇ ਹੀ ਬਸ ਨਹੀਂ, ਜਦੋਂ ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਦੇ ਓਦੇ ਦੀ ਸੋਹ ਚੁੱਕੀ ਤਾਂ ਉਸ ਤੋਂ ਬਾਦ ਉਸ ਮਿਥੀ ਹੋਈ ਚਾਲ ਅਨੁਸਾਰ ਆਪਣੇ ਪਰਸਾਰਣ ਵਿਚ ਅਖਿਆ। "ਜਦੋਂ ਵਡਾ ਪੇੜ ਢਿਗਦਾ ਹੈ, ਤਾਂ ਧਰਤੀ ਕਮਦੀ ਹੈ।" ਭਾਵ-ਉਸ ਨੇ ਸਿੱਖਾਂ ਦੇ ਕਤਲੇਆਮ ਨੂੰ ਉਚਿਤ ਠਹਰਾਇਆ।

ਦੂਜੇ ਪਾਸੇ ਦਿੱਲੀ ਦਾ ਸਿੱਖ ਸਮਾਜ ਬੇ-ਖੌਫ ਇਹ ਵਿਚਾਰ ਕਰ ਰਿਹਾ ਸੀ ਕਿ ਅਸੀਂ ਭਾਰਤ ਦੀ ਰਾਜਧਾਨੀ ਦਿੱਲੀ ਦੇ ਵਸਨੀਕ ਹਾਂ, ਇੱਥੇ ਕੋਈ ਜੰਗਲ ਰਾਜ ਤਾਂ ਹੈ ਨਹੀ ਇੱਥੇ ਜਾਨ-ਮਾਲ ਦੀ ਹਿਫਾਜਤ ਕਰਨਾ ਕੇਂਦਰ ਪ੍ਰਸ਼ਾਸਨ ਦਾ ਫਰਜ ਹੈ। ਫਿਰ ਸਿੱਖ ਸਮਾਜ ਦੇ ਵਿਅਕਤੀ ਤਾ ਨਿਰਦੋਸ ਹਨ। ਉਨ੍ਹਾਂ ਦਾ ਕੋਈ ਦੁਸ਼ਮਣ ਨਹੀਂ, ਉਹ ਸਾਰੇ ਸਮਾਨਯੋਗ ਨਾਗਰਿਕਾਂ ਵਿਚੋਂ ਹਨ। ਇਸ ਕਰਕੇ ਉਹ ਨਿਸਚਿੰਤ ਰਹੇ। ਉਨ੍ਹਾਂ ਦਾ ਵਿਚਾਰ ਸੀ ਕਿ ਪੰਜਾਬ ਸੱਮਸਿਆ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

1. ਸਭ ਤੋਂ ਪਹਿਲਾਂ ਦੇਸ਼ ਦੇ ਗ੍ਰਹਿ ਮੰਤਰੀ ਨਰਸਿਮਹਾ ਰਾਉ ਨੇ ਆਪਣੀ ਕੁਟਿਲ ਨੀਤੀ ਦੇ ਅੰਤਰਗਤ ਦਿੱਲੀ ਪ੍ਰਸ਼ਾਸਨ ਨੂੰ ਗਤੀ-ਹੀਨ ਹੋਣ ਦਾ ਗੁਪਤ ਸੁਨੇਹਾ ਭੇਜਿਆ ਪੁਲਿਸ ਨੂੰ ਸ਼ਕਤੀਹੀਨ (ਪੰਗੂ) ਬਣਾ ਦਿਤਾ। ਸਥਾਨਕ ਸਿੱਖ ਪੁਲਿਸ ਕਰਮਚਾਹੀਆਂ ਨੂੰ ਵਾਪਸ ਪੁਲਿਸ ਲਾਈਨ ਹਾਜ਼ਰ ਹੋਣ ਲਈ ਸੰਦੇਸ਼ ਦਿਤਾ। ਬਾਕੀ ਪੁਲਿਸ ਕਰਮਚਾਰੀਆਂ ਨੂੰ ਆਦੇਸ਼ ਦਿੱਤਾ ਕਿ ਉਹ ਗੁੰਡਾ-ਗਰਦੀ ਦੇ ਕੰਮਾਂ ਵਿਚ ਦਖਲਅੰਦਾਜ਼ੀ ਨਾ ਕਰਨ, ਕੇਵਲ ਮੂਕ ਦਰਸ਼ਕ ਬਣ ਕੇ ਤਮਾਸ਼ਾ ਵੇਖਣ ਯਾ ਫਿਰ ਉਨ੍ਹਾਂ ਦੀ ਗੁੰਡਾਗਰਦੀ ਕਰਨ ਵਿਚ ਸਹਾਇਤਾ ਕਰਨ।

2. ਦਿੱਲੀ ਦੀ ਚੰਡਾਲ ਚੌਕੜੀ ਦੇ ਸੰਕੇਤ ਉੱਤੇ ਹਰਿਆਣਾ ਦੇ ਮੁੰਖ-ਮੰਤਰੀ ਭਜਨ ਲਾਲ ਨੇ ਹਰਿਆਣਾ ਪੁਲਿਸ ਨੂੰ ਵਿਸ਼ੇਸ਼ ਰੂਪ ਵਿੱਚ ਸਿਵਿਲ ਡ੍ਰੈਸ ਵਿੱਚ ਜਬਰ ਜਿਨਾਹਾ ਖ਼ੂਨ-ਖਰਾਬੇ ਅਤੇ ਆਤੰਕੀ ਕਾਰਵਾਈਆਂ ਲਈ ਭੇਜਿਆ ਇਨ੍ਹਾਂ ਚੋਂ ਕੁਝ ਆਤਮ ਸੁਰੱਖਿਆਂ ਕਰਨ ਵਾਲੀਆਂ

ਔਰਤਾਂ ਹੱਥੋਂ ਮਾਰੇ ਗਏ। ਜਿਨ੍ਹਾਂ ਦੀਆਂ ਜੇਬਾਂ 'ਚੋਂ ਹਰਿਆਣਾ ਪੁਲਿਸ ਦੇ ਆਈਡੈਂਟੀ ਕਾਰਡ ਪ੍ਰਾਪਤ ਹੋਏ। ਇਨ੍ਹਾਂ ਲੋਕਾਂ ਨੂੰ 60 ਟ੍ਰਕਾਂ ਵਿੱਚ ਭੇਜਿਆ ਗਿਆ ਅਤੇ ਇਨ੍ਹਾਂ ਦੀ ਗਿਣਤੀ ਹਜ਼ਾਰਾਂ ਵਿਚ ਸੀ।

3. ਚੰਡਾਲ ਚੌਕੜੀ ਦੇ ਆਦੇਸ਼ ਤੇ ਡੀ.ਟੀ.ਯੂ. ਦੀ ਬਸਾਂ ਨੂੰ ਉਨ੍ਹਾਂ ਗੁਆਂਢੀ ਪਿੰਡਾਂ 'ਚ ਭੇਜਿਆ ਗਿਆ ਜਿੱਥੋਂ ਅਕਸਰ ਕਾਂਗਰਸ ਦੀਆਂ ਰੈਲੀਆਂ 'ਚ ਭੀੜ ਜੁਟਾਉਂਣ ਲਈ ਪੇਂਡੂਆਂ ਨੂੰ ਲਿਆਂਦਾ ਜਾਂਦਾ ਸੀ। ਇਸ ਵਾਰ ਪੇਂਡੂਆਂ ਨੂੰ ਕਿਹਾ ਗਿਆ ਕਿ ਬਦਲਾ ਲੈਣ ਲਈ ਸਿੱਖਾਂ ਦਾ ਖਾਤਮਾ ਕਰਨਾ ਹੈ ਉਸਦੇ ਬਦਲੇ ਲੁੱਟ ਦਾ ਮਾਲ ਸਭ ਤੁਹਾਡਾ। ਇਨ੍ਹਾਂ ਪੇਂਡੂਆਂ ਦੀ ਅਗਵਾਈ ਕਰਨ ਲਈ ਕਾਂਗਰਸ ਦੇ ਕਾਰਕੂਨਾਂ ਦੇ ਹੱਥਾਂ 'ਚ ਵੋਟਰ ਲਿਸਟਾਂ ਸਨ ਜਿਨ੍ਹਾਂ ਤੋਂ ਉਹ ਲੋਕੀ ਸਿੱਖਾਂ ਦੇ ਘਰਾਂ ਦੀ ਨਿਸ਼ਾਨ ਦੇਹੀ ਕਰ ਰਹੇ ਸਨ।

ਇਨ੍ਹਾਂ ਪੇਂਡੂਆਂ ਦੀ ਭੀੜ ਨੇ ਸਿੱਖਾਂ ਦੇ ਘਰਾਂ ਵਿੱਚ ਵੜ ਕੇ ਮਾਰ-ਕੁੱਟ ਖ਼ੂਨ-ਖਰਾਬੇ ਦੇ ਨਾਲ ਖ਼ੂਬ ਲੁਟ-ਖਸੁੱਟ ਕੀਤੀ। ਇੱਥੇ ਹੀ ਬਸ ਨਹੀਂ ਅਨੇਕਾਂ ਘਰਾਂ ਅਤੇ ਦੁਕਾਨਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ। ਇਸ ਵਿਚ ਸਥਾਨਕ ਹਿੰਦੂਆਂ ਨੇ ਹਿੱਸਾ ਨਹੀਂ ਲਿੱਆ ਪਰ ਉਹ ਮੂਕ ਦਰਸ਼ਕ ਬਣ ਕੇ ਇਸ ਤਾਂਡਵ-ਨਾਚ ਨੂੰ ਦੇਖਦੇ ਰਹੇ।

4. ਸਰਕਾਰੀ ਤੰਤਰ ਨੇ ਝੂਠਾ ਪ੍ਰੋਪੇਗੰਡਾ ਕੀਤਾ ਕਿ ਪੰਜਾਬ ਤੋਂ ਆ ਰਹੀਆਂ ਗੱਡੀਆਂ 'ਚ ਹਿੰਦੂਆਂ ਦੀਆਂ ਲੋਥਾਂ ਮਿਲੀਆਂ ਹਨ। ਦਿੱਲੀ ਵਾਟਰ ਸਪਲਾਈ ਦੇ ਜਲ ਭੰਡਾਰਾਂ 'ਚ ਸਿੱਖਾਂ ਨੇ ਜ਼ਹਿਰ ਮਿਲਾ ਦਿੱਤੀ ਹੈ। ਸਿੱਖ ਆਪਣੀਆਂ ਕਿਰਪਾਨਾਂ ਨਾਲ ਹਿੰਦੂਆਂ ਉੱਤੇ ਹਮਲੇ ਕਰ ਰਹੇ ਹਨ ਵਗੈਰਾ-ਵਗੈਰਾ।

5. ਦੂਰਦਰਸ਼ਨ ਉੱਤੇ ਇੰਦਰਾ ਦੀ ਮ੍ਰਿਤਕ ਦੇਹ ਦਿਖਾ -ਦਿਖਾ ਕੇ ਨਾਰੇ ਲਾਏ ਜਾ ਰਹੇ ਸਨ ਕਿ ਖ਼ੂਨ ਦਾ ਬਦਲਾ ਖ਼ੂਨ ਸੇ ਲੇਗੇ।

6. ਦੇਸ਼ ਦੇ ਬਾਕੀ ਰਾਜਾਂ 'ਚ ਜਿੱਥੇ ਕਾਂਗਰਸ ਸਰਕਾਰਾਂ ਸਨ ਉਥੇ ਸਥਾਨਕ ਕਾਂਗਰਸੀ ਨੇਤਾਵਾਂ

ਅਤੇ ਕਾਰਕੂਨਾਂ ਨੂੰ ਇੱਕ ਟੀਚਾ ਦਿੱਤਾ ਗਿਆ ਕਿ ਸਿੱਖਾਂ ਨੂੰ ਖ਼ਤਮ ਕਰ ਦਿਓ। ਇਨ੍ਹਾਂ ਲੋਕਾਂ ਨੇ ਪੂਰੀ ਤਾਕਤ ਨਾਲ ਚੱਕਰ ਵਿਊ ਰਚੇ ਅਤੇ ਦੇਸ਼ ਦੇ ਕਈ ਸ਼ਹਿਰਾਂ 'ਚ ਅਮਨ ਪ੍ਰੇਮੀ ਸਿੱਖ ਜਨਤਾ ਨੂੰ ਆਪਣੇ ਜ਼ੁਲਮੋ-ਸਿਤਮ ਦਾ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ ਬੇਦੋਸਿਆਂ ਨੂੰ ਮੌਤ ਦੇ ਘਾਟ ਉਤਾਰ ਦਿਤਾ ਇਨ੍ਹਾਂ ਰਾਜਾਂ 'ਚ ਹੋਈਆਂ ਮੋਤਾਂ ਦੀ ਗਿਣਤੀ ਛੇ ਹਜਾਰ (6000) ਦੇ ਕਰੀਬ ਦੱਸੀ ਜਾਂਦੀ ਹੈ। ਕੇਵਲ ਦਿੱਲੀ ਵਿੱਚ 10842 ਸਿੱਖਾਂ ਦੀ ਹੱਤਿਆ ਦੀ ਐਫ. ਆਈ. ਆਰ. ਦਰਜ ਹੋਈ ਸੀ।

7. ਚੰਡਾਲ ਚੌਕੜੀ ਦੁਆਰਾ ਰਚਿਆ ਗਿਆ ਚੱਕਰ ਵਿਊ ਬੜੇ ਹੀ ਯੋਜਨਾ ਬੱਧ ਤਰੀਕੇ ਨਾਲ ਰਚਿਆ ਗਿਆ ਸੀ ਉਨ੍ਹਾਂ ਦੇ ਗੁੰਡਿਆਂ ਦੇ ਹੱਥਾਂ 'ਚ ਇੱਕੋ ਜਿਹੇ ਸਰੀਏ, ਸਾੜਨ ਵਾਲੇ ਰਸਾਇਨ ਅਤੇ ਵੋਟਰ ਸੂਚੀਆਂ ਵਗੈਰਾ ਸਨ।

**ਸਮੀਖਿਆ:-** ਚੰਡਾਲ ਚੌਕੜੀ **ਵੱਲੋਂ ਰਚਿਆ ਗਿਆ ਚੱਕਰ ਵਿਊ ਜੇਕਰ** ਸਫ਼ਲ ਹੋ ਜਾਂਦਾ ਤਾਂ ਦੇਸ਼ ਦੀ ਰਾਜਧਾਨੀ 'ਚ **ਇੱਕ ਵੀ ਸਿੱਖ ਜੀਵਤ ਨਹੀਂ ਰਹਿਣਾ ਚਾਹੀਦਾ** ਸੀ, ਪਰ ਖਰੀਦੇ ਗਏ ਗੁੰਡਿਆਂ ਦਾ ਉਦੇਸ਼ **ਤਾਂ ਕੇਵਲ ਔਰਤਾ ਨਾਲ ਜਬਰਦਸਤੀ ਅਤੇ** ਮਾਲ ਅਸਬਾਬ ਲੁੱਟਣ ਦਾ ਵਧੇਰੇ ਸੀ ਇਸ ਲਈ ਉਨ੍ਹਾਂ ਦਾ ਧਿਆਨ ਲੁੱਟਾਂ-ਖਸੁਟਾਂ ਵੱਲ ਵੱਧ ਰਿਹਾ **ਇਸ ਲਈ** ਉਹ ਟੀਚੇਂ ਨੂੰ ਪ੍ਰਾਪਤ ਨਹੀਂ ਕਰ ਸਕੇ। ਅਸਲ 'ਚ ਉਨ੍ਹਾਂ ਦੀ ਸਿੱਖਾਂ ਨਾਲ ਦੁਸ਼ਮਨੀ **ਤਾਂ ਹੀ ਨਹੀਂ ਸੀ। ਇਸ** ਤਰ੍ਹਾਂ ਸਿੱਖ ਦਿੱਲੀ 'ਚ ਆਪਣੀ ਜਨਸੰਖਿਆ ਦਾ ਇੱਕ ਪ੍ਰਤੀਸ਼ਤ (1%) **ਗੁਆ ਕੇ ਇਸ** ਭਿਅੰਕਰ ਔਕੜ ਤੋਂ ਉੱਬਰ ਆਏ। ਉਨ੍ਹਾਂ ਦਾ ਭਰਮ ਟੁੱਟ ਗਿਆ ਕਿ **ਇਹ ਦੇਸ਼ ਆਪਣਾਂ ਹੈ** ਅਤੇ ਸ਼ਾਡੀ ਸੁਰੱਖਿਆ ਦਾ ਜ਼ਿਮਾ ਪ੍ਰਸ਼ਾਸਨ ਦਾ ਹੈ। ਸਾਨੂੰ ਪਰੰਪਰਾਗਤ ਅਸਤਰ-ਸ਼ਸਤਰ ਰੱਖਣ ਦੀ ਕੋਈ ਲੋੜ ਨਹੀਂ ਹੈ। ਇਹ ਤਾਂ ਆਉਟ ਆਫ ਡੇਟ ਹੋ ਗਏ ਹਨ। ਦਿੱਲੀ 'ਚ ਕਿਸੇ ਕਿਸੇ ਸਿੱਖ ਪਰਿਵਾਰ ਕੋਲ ਤਲਵਾਰ (ਸ੍ਰੀ ਸਾਹਿਬ) ਆਦਿ ਸ਼ਸਤਰ ਸਨ ਤੇ ਉਹ ਆਪਣੇ ਸਸ਼ਤਰਾਂ ਦੇ ਜੋਰ ਨਾਲ ਹੀ ਆਪਣੀ ਸੁਰੱਖਿਆ ਕਰਨ 'ਚ ਸਫਲ ਵੀ ਹੋਏ ਉਨ੍ਹਾਂ ਨੇ ਦੁਸ਼ਮਨਾਂ ਨੂੰ ਨੁਕਸਾਨ ਪੁਚਾ ਕੇ ਭਜ ਜਾਣ ਲਈ ਵੀ ਮਜਬੂਰ ਕੀਤਾ।

1. ਇਸ ਤਰ੍ਹਾਂ ਇਸ ਚੰਡਾਲ ਚੌਕੜੀ ਦੁਆਰਾ ਦੇਸ਼ ਦੀ ਅਰਬਾਂ ਰੁਪਏ ਦੀ ਸੰਪਤੀ ਸਾੜ ਕੇ ਸੁਆਹ ਕਰ ਦਿੱਤੀ ਅਤੇ ਹਜ਼ਾਰਾਂ ਗੱਡੀਆਂ ਅਗਨ ਭੇਟਾ ਕਰ ਦਿੱਤੀਆਂ।

2. ਹਜ਼ਾਰਾਂ ਬੇਦੋਸ਼ ਔਰਤਾਂ ਨੂੰ ਵਿਧਵਾ ਬਣਾ ਦਿੱਤਾ ਗਿਆ ਅਤੇ ਉਨ੍ਹਾਂ ਦੇ ਬੱਚੇ ਅਨਾਥ ਹੋ ਗਏ।

3. ਹਜ਼ਾਰਾਂ ਪਤੀਵਰਤਾਂ ਔਰਤਾਂ ਦਾ ਸੱਤ ਭੰਗ ਕਰ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਗਿਆ।

4. ਵਿਸ਼ਵ ਦੇ ਹੋਰ ਦੇਸ਼ਾ ਦੀ ਨਜ਼ਰ 'ਚ ਭਾਰਤ ਦੀ ਲੋਕ ਤਾਂਤ੍ਰਿਕ ਦਿੱਖ ਨੂੰ ਮਿੱਟੀ 'ਚ ਮਿਲਾ ਦਿੱਤਾ ਗਿਆ। ਭਾਰਤ ਅਸ਼ਾਂਤ ਅਤੇ ਅਰਾਜਕਤਾ ਪੂਰਣ ਦੇਸ਼ ਬਣ ਗਿਆ।

5. ਭਾਰਤ ਦੀ ਰਾਜਧਾਨੀ ਵਿਚ ਜੋ 1 ਨਵੰਬਰ, 1984 ਤੋਂ 3 ਦਸੰਬਰ, 1984 ਮਾਰੇ ਵਿਸ਼ਵ ਦੇ ਸਾਹਮਣੇ ਮੌਤ ਦਾ ਤਾਂਡਵ ਨਿਰਤ ਤਿੰਨ ਦਿਨ ਤਕ ਦਿਖਾਇਆ ਗਿਆ। ਉਸ ਤੋਂ ਮਗਰੋਂ ਭਾਰਤ ਦੀ ਨਿਆਂ ਪਾਲਕਾ ਦਾ ਜੋ ਪੰਗੂ ਰੂਪ ਵਿਸ਼ਵ ਦੇ ਸਾਹਮਣੇ ਉਭਰ ਕੇ ਆਇਆ ਉਸ ਨਾਲ ਸਾਰੇ ਸੰਸਾਰ ਦੀਆਂ ਮਾਨਵ ਅਧਿਆਕਾਰ ਸੰਸਥਾਵਾਂ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਅਤੇ ਭਾਰਤ ਦਾ ਇਤਿਹਾਸ ਦਾਗੀ ਅਤੇ ਕਾਲੇ ਅੱਖਰਾਂ 'ਚ ਲਿੱਖਿਆ ਗਿਆ ਕਿਉਂਕਿ ਆਪਣੇ ਹੀ ਦੇਸ਼ ਭਗਤ ਵਿਚ ਨਿਰਦੋਸ਼ ਲੋਕਾਂ ਦੇ ਕਤਲ ਇਕ ਚਾਲ ਦੇ ਅੰਤਰਗਤ ਯੋਜਨਾਬੱਧ ਤਰੀਕੇ ਨਾਲ ਕੀਤ ਗਿਆ ਸੀ।

6. ਇਸ ਪ੍ਰਕਾਰ ਸਿੱਖ ਸਮਾਜ ਦੀ ਨਸਲ-ਕੁਸ਼ੀ ਕਾਰਣ ਦੁਨੀਆਂ ਦੇ ਸਾਮਣੇ ਇਹ ਸਪਸ਼ਟ ਹੋ ਗਿਆ ਕਿ ਸਿੱਖ ਹਿੰਦੂਆਂ ਦੀ ਇਕ ਸਾਖ ਨਈਂ ਹਨ ਓਹ ਅਸਲ ਰੂਪ ਵਿਚ ਇਕ ਵਖਰੀ ਕੌਮ ਅਤੇ ਧਰਮ ਹੈ।

# ‘ਜਾਲ-ਸ਼ਾਜ ਖੁਦ ਆਪਣੇ ਹੀ ਜਾਲ ਵਿਚ ਫਸ ਗਏ’

ਇੰਦਰਾ ਗਾਂਧੀ ਦੁਆਰਾ ਨਿਰਧਾਰਤ ਟੀਚਾ:- ਸਿੱਖ ਦੇ ਅਸਤਿੱਤਵ ਨੂੰ ਮਿਟਾ ਦਿਓ!

ਉਸ ਦੀ ਗੁਪਤਚਰ ਵਿਭਾਗ ‘ਰਾਅ’ ਅਤੇ ਉਸ ਦੀ ਸਹਾਇਕ ‘ਥਰਡ ਏਜੇਂਸੀ’ ਨੂੰ ਇਹ ਅਹਿਸਾਸ ਹੋਇਆ ਕਿ ਸਾਡੇ ਦੁਆਰਾ ਚਲਾਏ ਗਏ ਆਪਰੇਸ਼ਨ ਬਲੂ ਸਟਾਰ ਅਤੇ ਰੋਜਵੁਡ ਸਿੱਖਾਂ ਦਾ ਕੁਝ ਵੀ ਵਿਗਾੜ ਨਹੀਂ ਸਕੇ ਜਦੋਂ ਕਿ ਅਸੀਂ ਉਨ੍ਹਾਂ ਦੇ ਘਟੋ-ਘਟ ਇਕ ਲੱਖ ਨੌਜੁਆਨਾਂ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ ਹੈ ਅਤੇ ਉਹ ਸਭ ਏਜੇਂਸੀਆਂ ਪਾਗਲਾਂ ਵਾਗ ਬੋਖਲਾ ਗਈਆਂ। ਕਿਉਂਕਿ ਉਨ੍ਹਾਂ ਨੂੰ ਪੰਜਾਬ ਵਿਚ ਚਹੁੰ ਪਾਸੇ ਅਣਖ-ਆਬਰੂ ਦੇ ਜਜ਼ਬੇ ਅਧੀਨ ਹਰ ਕੁਰਬਾਨੀ ਲਈ ਤਿਆਰ, ਕੇਸਰੀ ਰੰਗ ਦੀਆਂ ਚੁੰਨੀਆਂ ਅਤੇ ਪੱਗਾ ਦਿਖਾਈ ਦੇਣ ਲੱਗੀਆਂ ਸਨ। ਕਿਧਰੇ ਵੀ ਭੈ ਦਾ ਨਾਂ ਨਿਸ਼ਾਨ ਨਹੀਂ ਸੀ। ਜਗ੍ਹ-ਜਗ੍ਹ ਢਾਡੀ (ਕਵੀਸ਼ਰੀ) ਵੀਰ ਰਸੀ ਰਚਨਾਵਾਂ ਪੜ੍ਹਦੇ ਅਤੇ ਥਾਂ-ਥਾਂ ਤੇ ਪ੍ਰਦਰਸ਼ਨ ਕਰਦੇ ਹੋਏ ਜੋਸ਼ੀਲੇ ਨਾਅਰੇ ਬੁਲੰਦ ਹੁੰਦੇ ਸੁਣਾਈ ਦੇ ਰਹੇ ਸਨ ਅਤੇ ਅਣਖ ਆਬਰੂ ਦੇ ਜਜ਼ਬੇ ਅਧੀਨ ਹਰ ਕੁਰਬਾਣੀ ਦੇਣ ਲਈ ਤਿਆਰ ਸਨ। ਇਸ ਤੇ ਇੰਦਰਾ ਨੇ ਇਨ੍ਹਾਂ ਏਜੇਂਸੀਆਂ ਨੂੰ ਫਿਟਕਾਰ ਲਾਈ ਕਿ ਤੁਹਾਡੇ ਚਲਾਏ ਗਏ ਸਾਰੇ ਆਪਰੇਸ਼ਨ ਅਸਫ਼ਲ ਸਿੱਧ ਹੋਏ ਹਨ ਕਿਉਂਕਿ ਮੈਨੂੰ ਮੇਰਾ ਟੀਚਾ ਕਿਧਰੇ ਵੀ ਪੂਰਾ ਹੁੰਦਾ ਦਿਖਾਈ ਨਹੀਂ ਦਿੰਦਾ ਕਿ ਮੈਂ ਹਿੰਦੂ ਵੋਟ ਲੈ ਕੇ ਆਉਂਣ ਵਾਲੀਆਂ ਚੋਣਾਂ ਵਿਚ ਜਿਤ ਸਕਾਂਗੀ?

ਇਸ ਤਰ੍ਹਾਂ ਉਸਦੀ ‘ਥਰਡ ਏਜੇਂਸੀ’ ਨੇ ਉਸਨੂੰ ਵਿਸ਼ਵਾਸ ਦੁਆਇਆ ਕਿ ਅਸੀਂ ਇਕ ਵਿਸ਼ਾਲ ਚੱਕਰ ਵਿਊਦੀ ਰਚਨਾ ਕਰਾਂਗੇ ਕਿ ਪੰਜਾਬ ਨੂੰ ਨੇਸਤੋ-ਨਾ-ਬੂਦ ਕਰ ਦਿਆਂਗੇ। ਇਸ ਲਈ ਉਨ੍ਹਾਂ ਨੇ ਅਗਲੇ ਆਪਰੇਸ਼ਨ ਦਾ ਨਾਂ ‘ਸ਼ਾਤੀ’ ਰਖਿਆਂ ਜਿਸ ਨੂੰ 8 ਨਵੰਬਰ 1984 ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਦਿਨ ਅਰੰਭ ਕਰਨਾ ਸੀ। ਇਸ ਦੇ ਅੰਤਰਗਤ ਭਾਰਤੀ ਸੇਨਾਵਾਂ ਦਾ ਪੰਜਾਬ ਦੀਆਂ ਸੀਮਾਵਾਂ ਤੇ ਜਮਾਵੜਾ ਕਰਕੇ ਪਾਕਿਸਤਾਨ ਦੇ ਨਾਲ ਯੁੱਧ ਛੇੜ ਕੇ ਪਿੱਛੇ ਹਟਣਾ ਸੀ ਤਾਂਕਿ ਪਾਕਿਸਤਾਨੀ ਸੇਨਾਵਾਂ ਸਹਿਜੇ ਹੀ ਅਗੇ ਵੱਧਦੀਆਂ ਹੋਈਆਂ

ਅੰਮ੍ਰਿਤਸਰ ਸ਼ਹਿਰ ਦੇ ਨੇੜੇ ਪੁੱਜ ਜਾਣ ਤੇ ਫਿਰ ਉਨ੍ਹਾਂ ਉੱਤੇ ਭਾਰਤੀ ਵਾਯੂ ਸੇਨਾ ਦੁਆਰਾ ਬੰਬ ਵਰਖਾ ਕਰਕੇ ਪੰਜਾਬ ਦੇ ਸ਼ਹਿਰਾਂ ਨੂੰ ਸਪੁਰਦ-ਏ-ਖ਼ਾਕ ਕੀਤਾ ਜਾ ਸਕੇ ਜਿਸ ਵਿਚ ਸਥਾਨਕ ਸਿੱਖ ਜਨਤਾ ਯੁੱਧ ਦੀ ਆੜ 'ਚ ਨਸ਼ਟ ਕੀਤੀ ਜਾ ਸਕੇ। ਇਸਦੇ ਅਲਾਵਾ ਗੁਰਪੁਰਬ ਦੇ ਮੌਕੇ ਤੇ ਇੱਕਤਰ ਸਭ ਸਿਖਾਂ ਨੂੰ ਸੇਨਾ ਦੁਆਰਾ ਭਾਰੀ ਅਸਤਰ-ਸ਼ਸ਼ਤਰਾਂ ਨਾਲ ਮਿਟਾ ਦਿੱਤਾ ਜਾਵੇ।

ਜਦੋਂ ਸੀਮਾ ਤੇ ਸੇਨਾ ਦੇ ਜਮਾਵੜੇ ਦਾ, ਪਾਕਿਸਤਾਨੀ ਸੇਨਾਪਤੀ, ਜਿਆਉਲ ਹੱਕ ਨੂੰ ਪਤਾ ਲੱਗਿਆ ਤਾਂ ਉਸਨੇ ਤੁਰੰਤ ਹੀ ਆਪਣੇ ਦੂਤਾਂ ਦੁਆਰਾ ਦਿੱਲੀ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਅਸੀਂ ਯੁੱਧ ਨਹੀਂ ਚਾਹੁੰਦੇ ਕਿਰਪਾ ਕਰਕੇ ਆਪਣੀਆਂ ਸੇਨਾਵਾਂ ਪਿੱਛੇ ਹਟਾ ਲਵੋ।

ਜਦੋਂ ਇਸ ਯੋਜਨਾ ਨੂੰ ਇੰਦਰਾ ਨੇ ਅਰੰਭ ਕਰਨ ਦਾ ਸੰਕੇਤ ਦੇ ਦਿੱਤਾ ਤੇ ਇਹ ਰਹੱਸ ਕਿਸੇ ਨਾ ਕਿਸੇ ਰੂਪ 'ਚ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਹਾਇਕ ਆਰ.ਕੇ.ਧਵਨ. ਤੋਂ ਉਸ ਦੀ ਸੁੱਰਖਿਆ ਗਾਰਡ ਦੇ ਸਬ ਇੰਸਪੈਕਟਰ ਬਿੰਅਤ ਸਿੰਘ ਨੂੰ ਪਤਾ ਲੱਗ ਗਿਆਂ। ਇਹ ਦੋਵੇਂ ਆਪਸ ਵਿੱਚ ਗਹਿਰੇ ਮਿੱਤਰ ਸਨ। ਹੁਣ ਬਿਅੰਤ ਸਿੰਘ ਸੋਚਣ ਲੱਗਾ ਕਿ ਪਹਿਲਾਂ ਹੀ ਪੰਜਾਬ ਦੀ ਨੋਜੁਆਨ ਪੀੜ੍ਹੀ ਲਗਭਗ ਖਤਮ ਕਰ ਦਿੱਤੀ ਗਈ ਹੈ ਜੇਕਰ ਯੋਜਨਾ 'ਸ਼ਾਂਤੀ' ਤੇ ਅਮਲ ਹੋ ਗਿਆ ਤੇ ਪੰਜਾਬ ਅਤੇ ਸਿੱਖ ਦੋਵੇਂ ਵਿਨਾਸ਼ ਦੇ ਨੇੜੇ ਹੋ ਜਾਣਗੇ। ਇਸ ਲਈ ਸਮਾਂ ਰਹਿੰਦੇ ਕੁਝ ਕਰਨਾ ਚਾਹੀਦਾ ਹੈ। ਅੰਤ ਵਿਚ ਉਸਨੇ ਆਪਣੇ ਲਈ ਫੈਸਲਾ ਲਿਆ ਕਿ ਮੈਨੂੰ ਹੀ ਆਪਣੇ ਪ੍ਰਾਣਾਂ ਦਾ ਤਿਆਗ ਕਰ ਦੇਣਾ ਚਾਹੀਦਾ ਹੈ ਤਾਂ ਕਿ ਸਪਣੀ ਨੂੰ ਹੀ ਖ਼ਤਮ ਕਰ ਦਿੱਤਾ ਜਾਵੇ ਅਤੇ ਆਪਣੀ ਪਿਆਰੀ ਮਾਂ-ਭੂਮੀ ਅਤੇ ਉਸਦੇ ਬੱਚਿਆਂ ਨੂੰ ਇਸ ਮੁਸੀਬਤ ਤੋਂ ਮੁਕਤ ਕਰਵਾਇਆ ਜਾਵੇ।

## ਰਾਜੀਵ ਗਾਂਧੀ ਦੁਆਰਾ ਅਕਾਲੀਆਂ ਨਾਲ ਕੀਤੀ ਗਈ ਸੰਧੀ ਦੇ ਰੂਪ 'ਚ ਛੱਲ

ਰਾਸ਼ਟਰਪਤੀ ਜੈਲ ਸਿੰਘ ਦੀ ਜਲਦਬਾਜੀ ਅਤੇ ਗੁੰਡਾ ਗਰਦੀ ਦੇ ਡਰ ਤੋਂ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾ ਦਿੱਤਾ ਗਿਆ। ਹੁਣ ਉਸਦੇ ਹਥਾਂ 'ਚ ਪੂਰੇ ਭਾਰਤ ਦੀ ਸੱਤਾ ਆ ਗਈ ਸੀ। ਇਸ ਲਈ ਉਸਨੇ ਉਸ ਦਾ ਖ਼ੂਬ ਦੁਰਓਪਯੋਗ ਕੀਤਾ। ਸਰਬ ਪ੍ਰਥਮ ਉਸਨੇ ਆਪਣੀ ਮਾਂ ਦੇ

ਟੀਚੇ ਅਨੁਸਾਰ ਦੇਸ਼ ਭਰ ਦੇ ਨਿਰਦੋਸ਼ ਸਿੱਖਾਂ ਦਾ ਯੋਜਨਾ ਬੱਧ ਤਰੀਕੇ ਦੇ ਨਾਲ ਕਤਲ ਕਰਵਾ ਦਿਤਾ ਇਸਦੇ ਫਲਸਰੂਪ ਸੰਪ੍ਰਾਦਾਇਕ ਨਫਰਤ ਪੈਦਾ ਕਰਕੇ ਆਪਣੇ ਲਈ ਹਿੰਦੂਵੋਟ ਬੈਂਕ ਤਿਆਰ ਕੀਤਾ।

ਦਿਸੰਬਰ 1984 ਵਿਚ ਰਾਸ਼ਟਰੀ ਚੋਣਾਂ 'ਚ ਸੰਪ੍ਰਦਾਇਕ ਨਫ਼ਰਤ ਦੇ ਬੀਜ਼ ਬੋ ਕੇ ਕਾਂਗਰਸ (ਆਈ[ ਭਾਰੀ ਮਤਾਂ ਨਾਲ ਜਿੱਤ ਕੇ ਉਭੱਰੀ ਤਾਂ ਵਿਰੋਧੀਆਂ ਨੇ ਆਪਣੀ ਹਾਰ ਦਾ ਅਧਿਐਨ ਕੀਤਾ ਤੇ ਉਨ੍ਹਾਂ ਨੂੰ ਸਮਝ 'ਚ ਆਇਆ ਕਿ ਸਾਨੂੰ ਮਾਂ ਪੁੱਤਰ ਨੇ ਬਹੁਤ ਉੱਲੂ ਬਣਾਇਆ ਹੈ। ਅਸਲ 'ਚ ਪੰਜਾਬ 'ਚ ਕੋਈ ਅਤੰਕ ਦੀ ਸਮੱਸਿਆ ਸੀ ਹੀ ਨਹੀ। ਇਸ ਨੂੰ ਕੇਵਲ ਅਕਾਲੀਆਂ ਨਾਲ ਸਮਝੌਤੇ ਨਾਲ ਸੁਲਝਾਇਆ ਜਾ ਸਕਦਾ ਸੀ। ਇੰਦਰਾ ਨੇ ਹੀ ਕਈ ਵਾਰ ਸਮਝੋਤੇ ਦੇ ਆਖਰੀ ਪੱਲਾਂ ਵਿਚ ਉਲਝਾ ਦਿੱਤਾ ਸੀ ਅਤੇ ਜਾਣ ਬੁੱਝ ਕੇ ਉਗਰੱਵਾਦ ਨੂੰ ਵਧਾ ਕੇ ਦੋ ਧਰਮਾਂ ਵਿਚ ਟਕਰਾਓ ਪੈਦਾ ਕੀਤਾ ਉਸਦਾ ਅਸਲੀ ਮਨੋਰਥ ਹਿੰਦੂਤਵ ਨੂੰ ਉਭਾਰਨਾ ਤੇ ਆਪਣੇ ਲਈ ਵੋਟ ਬੈਂਕ ਤਿਆਰ ਕਰਨਾ ਸੀ। ਇਹ ਉਸਦੇ ਜੀਵਨ ਵਿਚ ਤਾਂ ਹੋ ਨਾ ਸਕਿਆ ਪਰ ਉਸਦੀ ਮੌਤ ਤੇ ਉਸਦੇ ਪੁੱਤਰ ਨੇ ਵੋਟਾਂ ਦੇ ਰੂਪ ਵਿਚ ਪ੍ਰਾਪਤ ਕਰ ਕੇ ਕੈਸ਼ ਕਰਵਾ ਲਿਆ।

ਜਿਵੇਂ ਹੀ ਰਾਜੀਵ ਗਾਂਧੀ ਚੋਣ ਜਿੱਤ ਕੇ ਦੁਬਾਰਾ ਸੱਤਾ 'ਚ ਆਇਆ ਉਸੇ ਸਮੇਂ ਉਸਨੂੰ ਗੁਪਤਚਰ ਵਿਭਾਗ ਅਤੇ ਕੁਝ ਬੁੱਧੀ ਜੀਵਿਆਂ ਨੇ ਸਲਾਹ ਦਿੱਤੀ ਕਿ ਹੁਣ ਬਹੁਤ ਹੋ ਗਿਆ। ਤੂੰ ਸੱਤਾ ਹਥਿਆਓਂਣ ਲਈ ਹਿੰਦੂਤੁਵ ਨੂੰ ਉਭਾਰਨ ਅਤੇ ਸਿੱਖਾਂ ਉੱਤੇ ਜੁਲਮ ਢਾਉਂਣ ਵਿਚ ਕੋਈ ਕਸਰ ਨਹੀਂ ਛੱਡੀ। ਪਰ ਜੇ ਅਜਿਹਾ ਚਲਦਾ ਰਿਹਾ ਤਾਂ ਸਿੱਖ ਜਗਤ ਵੀਰ ਯੋਧਿਆਂ ਦਾ ਹੈ ਓਹ ਆਪਣੇ ਲਈ ਅਲਗ ਦੇਸ਼ ਦੀ ਕਲਪਨਾ ਕਰ ਰਹੇ ਹਨ। ਜਲਦੀ ਹੀ ਉਹ ਇਸ ਉੱਤੇ ਅਮਲ ਕਰਨ ਦੀਆਂ ਵਿਸ਼ਾਲ ਯੋਜਨਾਵਾਂ ਵੀ ਬਣਾ ਰਹੇ ਹਨ। ਇਸਲਈ ਸਮਾਂ ਰਹਿੰਦੀਆਂ ਹੀ ਉਨ੍ਹਾਂ ਨਾਲ ਸਮਝੌਤਾ ਕਰ ਲੈਣਾ ਚਾਹੀਦਾ ਹੈ। ਗਲ ਪੱਤੇ ਦੀ ਸੀ। ਸਿੱਖ ਜਗਤ ਪਹਿਲਾਂ ਅਕਾਲੀਆਂ ਅਤੇ ਇੰਦਰਾ ਦੇ ਵਿਚ ਪੰਜਾਬ ਸੱਮਸਿਆ ਸਮਝ ਰਹੇ ਸਨ ਪਰ ਜਿਸ ਦਿਨ ਦਿੱਲੀ 'ਚ ਨਿਰਦੋਸ਼ ਸਿੱਖਾਂ ਦੀਆਂ ਸਮੂਹਕ ਹਤਿਆਵਾਂ ਯੋਜਨਾ ਬੱਧ ਤਰੀਕੇ ਨਾਲ ਕੀਤੀਆਂ ਗਈਆਂ ਉਸੇ ਦਿਨ ਹੀ

ਵਿਸ਼ਵ ਭਰ ਦੇ ਸਿੱਖਾਂ ਨੇ ਅਪਣੇ ਦੇਸ਼ ਖਾਲਿਸਤਾਨ ਦੀ ਅਤਿ ਜ਼ਰੂਰਤ ਨੂੰ ਮਹਿਸੂਸ ਕਰ ਲਿਆ ਸੀ।

ਉਦੋਂ ਹੀ ਰਾਜੀਵ ਨੇ ਅਕਾਲੀਆਂ ਨਾਲ ਪੰਜਾਬ ਸਮੱਸਿਆ ਉੱਤੇ ਸਮਝੌਤਾ ਕਰਨ ਦੀ ਗੱਲ 5 ਜਨਵਰੀ 1985 ਨੂੰ ਰਾਸ਼ਟਰ ਦੇ ਨਾਂ ਆਪਣੇ ਸੰਦੇਸ਼ ਵਿਚ ਕਹੀਂ ਪਰ ਉਸਦੇ ਸਾਹਮਣੇ ਕੁਝ ਪ੍ਰਦੇਸ਼ਾਂ ਦੀਆਂ ਚੋਣਾਂ ਸਨ ਜਿਨ੍ਹਾਂ ਵਿਚ ਉਹ ਫਿਰ ਉਹੋ ਹਿੰਦੂਤੁਵ ਵਾਲਾ ਪੱਤਾ ਖੇਡਣਾ ਚਾਹੁੰਦਾ ਸੀ। ਜਿਸਨੂੰ ਉਸਨੇ ਦੁਬਾਰਾ ਸੁਰਜੀਤ ਕੀਤਾ ਤੇ ਆਪਣੇ ਮਾਂ ਨੂੰ ਭਾਰਤ ਦੀ ਅਖੰਡਤਾ ਲਈ ਸ਼ਹੀਦ ਦੱਸ ਕੇ ਵੋਟਾਂ ਹਾਸਿਲ ਕੀਤਿਆਂ।

ਮਗਰੋਂ ਹੋਲੀ-ਹੋਲੀ ਅਕਾਲੀ ਨੇਤਾਵਾਂ ਨੂੰ ਜੇਲਾਂ 'ਚੋਂ ਰਿਹਾ ਕੀਤਾ ਅਤੇ ਉਨ੍ਹਾਂ ਨਾਲ ਸਮਝੋਤੇ ਦੀਆਂ ਗੁਪਤ ਵਾਰਤਾਵਾਂ ਸੁਰੂ ਕੀਤੀਆਂ ਪਰ ਉੱਗਰਵਾਦੀ ਜਗਤ, ਰਾਜੀਵ ਗਾਂਧੀ ਨੂੰ ਸਿੱਖ ਜਗਤ ਦਾ ਹੱਤਿਆਰਾਂ ਮੰਨਦਾ ਸੀ। ਇਸ ਲਈ ਉਹ ਸਮਝੋਤੇ ਲਈ ਤਿਆਰ ਨਹੀਂ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਅਸੀਂ ਸੰਘਰਸ਼ ਕਰਾਂਗੇ ਅਤੇ ਕਦੀ-ਨ-ਕਦੀ ਆਪਣੇ ਅਮੋਰਥ ਨੂੰ ਪੂਰਾ ਕਰਕੇ ਆਪਣਾ ਦੇਸ਼ ਵੱਖ ਕਰ ਕੇ ਹੀ ਸਾਹ ਲਵਾਂਗੇ। ਪਰ ਰਾਜੀਵ ਗਾਂਧੀ ਅਕਾਲੀ ਨੇਤਾ ਸੰਤ ਹਰਿਚੰਦ ਸਿੰਘ ਲੋਂਗੋਵਾਲ ਨਾਲ ਸਮਝੋਤਾ ਕਰਨੇ 'ਚ ਸਫਲ ਹੋ ਗਿਆ। ਇਸ ਸਮਝੌਤੇ ਦੀ ਮੁੱਖ ਧਾਰਵਾਂ 'ਚ ਇਕ ਪਹਿਲੀ ਸ਼ਰਤ ਇਹ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਮੋੜ ਦਿੱਤਾ ਜਾਵੇਗਾ। ਇਸ ਕਮ ਲਈ ਸਮਝੌਤੇ ਲਈ 26 ਜਨਵਰੀ 1986 ਦਾ ਦਿਨ ਨਿਸਚਿਤ ਕੀਤਾ ਗਿਆ ਸੀ।

ਜਦੋਂ ਇਹ ਸਮਝੌਤਾ ਜਨਤਕ ਹੋਇਆ ਤਾਂ ਵਿਰੋਧੀ ਪੱਖ ਬਹੁਤ ਹੀ ਅਸਚਰਜ ਵਿਚ ਸਨ। ਉਨ੍ਹਾਂ ਦਾ ਮੰਨਣਾਂ ਸੀ ਕਿ ਜੇਕਰ ਇਹ ਸਮਝੌਤਾਂ ਕਰਨਾ ਸੀ ਤਾਂ ਇਸ ਦਾ ਮਸੌਦਾ ਤਾਂ ਕਈ ਵਾਰੀ ਆਇਆਂ ਸੀ। ਜਿਸਨੂੰ ਉਸਨੇ ਸਵੀਕਾਰ ਵੀ ਕਰ ਲਿਆ ਸੀ ਫਿਰ ਇਤਨਾ ਖੂਨ ਖੁਰਾਬਾ ਕਿਸ ਲਈ ਸੀ? ਦੂਜੇ ਪਾਸੇ ਉਗਰਵਾਦੀ ਦਲ ਸਮਝੋਤੇ ਦੇ ਮਸੌਦੇ ਨੂੰ ਦੇਖ ਕੇ ਦੁਖੀ ਹੋਏ ਉਹ ਲੋਕ ਬਿਲਕੁਲ ਵੀ ਸਹਿਮਤ ਨਹੀਂ ਸਨ ਇਸ ਲਈ ਇਸ ਸਮਝੌਤੇ ਦਾ ਬਈਕਾਟ ਵਿੱਚ ਸਮਾਂ ਮਿਲਦੇ ਹੀ, ਸੰਤ ਹਰਿਚੰਦ ਸਿੰਘ ਲੋਂਗੋਵਾਲ ਦੀ 20 ਅਗਸਤ 1985 ਨੂੰ ਹੱਤਿਆ ਕਰ ਦਿੱਤੀ ਗਈ।

ਸੰਤ ਲੋਂਗੋਵਾਲ ਨੂੰ ਇਸ ਸਮਝੋਤੇ ਦੀ ਭਾਰੀ ਕੀਮਤ ਚੁਕਾਉਂਣੀ ਪਈ। ਦੂਜੇ ਪਾਸੇ ਰਾਜੀਵ ਗਾਂਧੀ ਬਹੁਤ ਹੀ ਬੇਈਮਾਨ ਨਿਕਲਿਆ ਉਸਨੇ ਇਸ ਸਮਝੌਤੇ ਦੀ ਮੁੱਖ ਸ਼ਰਤ ਤੇ ਵੀ ਪਹਿਰਾ ਨਹੀਂ ਦਿੱਤਾ ਉਸਨੇ 26 ਜਨਵਰੀ 1986 ਨੂੰ ਚੰਡੀਗੜ੍ਹ ਪੰਜਾਬ ਨੂੰ ਨਾਂ ਮੋੜਿਆ। ਮਨਿਆ ਜਾਦਾ ਹੈ ਕਿ ਜਵਾਹਰ ਲਾਲ ਨਹਿਰੂ, ਸ੍ਰੀ ਮਤਿ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਇਨ੍ਹਾਂ ਸਭਨਾ ਦੀ ਕਥਨੀ-ਕਰਨੀ ਵਿਚ ਕੌਈ ਸਮਾਨਤਾ ਨਹੀਂ ਸੀ ਭਾਵ ਇਨ੍ਹਾਂ ਲੋਕਾਂ ਦੀ ਕਰਨੀ ਵਿਚ ਕਿਤੇ ਵੀ ਸੱਚਾਈ ਦੇ ਦਰਸ਼ਨ ਨਹੀਂ ਹੁੰਦੇ ਸਨ। ਇਹ ਲੋਕ ਛਲ-ਕੱਪਟ ਦੀ ਰਾਜਨੀਤੀ ਕਰਦੇ ਸਨ। ਇਨਾਂ ਲੋਕਾਂ ਦੀ ਕੋਈ ਜ਼ਮੀਰ ਨਹੀਂ ਸੀ ਇਸ ਲਈ ਅਤਿ ਨੀਚਤਾ ਤੇ ਉੱਤਰ ਆਉਂਦੇ ਸਨ। ਇਹ ਮਨੁੰਖਤਾ ਦੇ ਵਿਰੁਧ ਕੰਮ ਕਰਦੇ ਸਨ। ਉਹ ਸੱਤਾ ਦੀ ਭੁਖ ਅਤੇ ਪਕੜ ਲਈ ਕੁਛ ਭੀ ਕਰਨਾ ਅਨੁਸਚਿਤ ਨਹੀਂ ਸਮਝੇ ਦੇ ਸਨ। ਸ਼ਾਇਦ ਇਸੇ ਲਈ ਪ੍ਰਸ਼ਿੱਧ ਬੁਧਿਜਿਵੀ ਲੇਖਕ ਸਰਦਾਰ ਖੁਸ਼ਵੰਤ ਸਿੰਘ, ਸ਼੍ਰੀ ਰਾਜੀਵ ਨੂੰ ਕਨਫਯੂਜ਼ ਪ੍ਰਧਾਨ ਮੰਤਰੀ ਕਹਿੰਦਾ ਸੀ।

## ਸ੍ਰੀ ਦਰਬਾਰ ਸਾਹਿ ਉੱਤੇ ਬਲੈਕ ਥੰਡਰ ਓਪਰੇਸ਼ਨ

**ਇੰਦਰਾ ਗਾਂਧੀ ਦੇ ਪੁਤਰ ਰਾਜੀਵ ਗਾਂਧੀ ਨੇ ਹਰਿਚੰਦ ਸਿੰਘ ਲੌਂਗੋਵਾਲ ਨਾਲ ਕੀਤੇ ਸਮਝੌਂਤੇ ਵਿਚ ਗੱਦਾਰੀ ਕੀਤਾ ਤਾਂ ਖਾੜਕੂ ਜੱਥੇ ਬੰਦੀਆਂ ਵਿਚ ਹੋਰ ਰੋਸ ਵੱਦਾਗਿਆ ਕਿਉਂਕਿ ਸਮਝੋਤੇ ਅਨੁਸਾਰ ਚੰਡੀਗੜ੍ਹ ਪੰਜਾਬ ਨੂੰ 26 ਜਵਨਰੀ 1986 ਨੂੰ ਮੋੜਨਾ ਸੀ। ਉਨ੍ਹਾਂ ਦਾ ਦਾਵਾ ਸੱਚਾ ਸਾਬਿਤ ਹੋ ਰਿਹਾ ਸੀ ਕਿ ਰਾਜੀਵ-ਲੌਂਗੋਵਾਲ ਸਮਝੋਤਾ ਇਕ ਵੱਡਾ ਧੋਖਾ ਹੈ। ਬਸ ਫਿਰ ਕੀ ਸੀ ਉਨਾਂ 29 ਅਪ੍ਰੈਲ 1986 ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿਚ ਇਕ ਖੜਕੂ ਇਕੱਠ ਵਿਚ ਖਾਲਿਸਤਾਨ ਦੀ ਜਲਾਵਤਨੀ ਸਰਕਾਰ ਦਾ ਐਲਾਨ ਕਰ ਦਿਤਾ। ਇਸ ਕਾਰਣ ਰਾਜੀਵ ਨੂੰ ਦਰਬਾਰ ਸਾਹਿਬ ਉੱਪਰ ਇਕ ਹੋਰ ਹਮਲਾ ਕਰਣ ਦਾ ਬਹਾਨਾਂ ਮਿਲ ਗਿਆ। ਉਹ ਚਾਹੁੰਦਾ ਸੀ ਕਿ ਮੈ ਆਪਣੀ ਮਾਂ ਵਲੋਂ ਕੀਤੇ ਗਏ ਹਮਲੇ ਬਲਯੂ ਸਟਾਰ ਨੂੰ ਸਹੀ ਠਹਿਰਾ ਸਕਾਂਗਾ। ਜਦ ਕਿ ਉਨ੍ਹਾਂ ਵਲੋਂ ਨਿਯੁਕਤ ਆਈ.ਜੀ.ਪੁਲਿਸ 'ਮਿਸਟਰ ਰਿਬੈਰੋ' ਨੇ ਕਿਹਾ ਕਿ ਮੈਨੂੰ ਮਿਲੀ ਰਿਪੋਟ ਅਨੁਸਾਰ**

ਹੁਣ ਉਥੇ ਕੋਈ ਵੀ ਖਾੜਕੂ ਜੱਥੇ ਬੰਦਿਆਂ ਦਾ ਆਦਮੀ ਨਹੀਂ। ਉਹ ਸਾਰੇ ਦਰਬਾਰ ਸਾਹਿਬ ਦੇ ਇਲਾਕੇ ਨੂੰ ਖਾਲੀ ਕਰ ਦੇ ਅਲੋਪ ਹੋ ਗਏ ਹਨ। ਉਥੇ ਹੁਣ ਹਮਲਾ ਕਰਣਾ ਵਿਅਰਥ ਹੈ ਪਰ ਰਾਜਨੀਤੀਕ ਪ੍ਰਾਪਤਿਆਂ ਲਈ ਰਾਜੀਵ ਗਾਂਧੀ ਨੇ ਮੁੜ ਦਰਬਾਰ ਸਾਹਿਬ ਤੇ ਹਮਲਾ ਕੀਤਾ ਅਤੇ ਇਸ ਦੇ ਝੂਠੇ ਪ੍ਰਾਪੋਗੰਡੇ ਦੀ ਆੜ ਵਿਚ ਉਸ ਪਿੰਡਾਂ ਵਿਚੋਂ ਨਿਰਦੋਸ਼ ਸਿੱਖ ਯੁਵਕਾਂ ਨੂੰ ਮੌਤ ਦੇ ਘਾਟ ਉੱਤਾਰਨਾ ਸ਼ੁਰੂ ਕਰ ਦਿੱਤਾ। ਜਿਸ ਦੇ ਸਿੱਟੇ ਵਜ਼ੋ ਪੰਜਾਬ ਯੂਵਾਂ ਪੀੜੀ ਤੋਂ ਖਾਲੀ ਹੋ ਗਿਆ।

## ਜੈਸੀ ਭਾਵਨਾ ਤੈਸਾ ਫਲ

**ਪ੍ਰਕਿਤੀ ਦਾ ਇਕ ਵਿਸ਼ੇਸ ਸਿਧਾਂਤ ਹੈ ਜਿਸ ਨੂੰ ਗੀਤਾ ਵਿਚ ਵੀ ਸਮਝਾਇਆ ਗਿਆ ਕਿ ਜਿਹੋ ਜਿਹੇ ਕਰਮ ਕਰੋਗੇ ਤੈਸਾ ਹੀ ਫਲ ਪਾਓਗੇ । ਸਿੱਧੇ ਸਾਧੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ 'ਜਿਹੀ ਨੀਅਤ, ਤੈਸੀ ਮੁਰਾਦ'।**

ਇੰਦਰਾ ਕੇਵਲ ਛਲ-ਕਪਟ ਦੀ ਰਾਜਨੀਤੀ ਕਰਦੀ ਸੀ ਉਸਦਾ ਕਾਰਜ਼ ਖੇਤਰ ਵਿਰੋਧੀਆਂ ਨੂੰ ਝਾਂਸਾ ਦੇਕੇ ਉਨ੍ਹਾਂ ਦਾ ਦਮਨ ਕਰਨਾ ਸੀ, ਚੱਕਰ ਵਿਊ ਵਿੱਚ ਫਸਾ ਕੇ ਝੂਠੇ ਪ੍ਰਾਪੇਗੰਡੇਂ ਰਾਹੀਂ ਬਦਨਾਮ ਕਰਨਾ ਅਤੇ ਯੋਜਨਾ ਮਈ ਤਰੀਕੇ ਨਾਲ ਵਿਰੋਧੀ ਦਲਾਂ ਤੋਂ ਬਦਲਾ ਲੈਣਾਂ ਹੁੰਦਾ ਸੀ। ਉਹ ਬਹੁਤ ਹੱਠੀ ਅਤੇ ਜਿੱਦੀ ਔਰਤ ਸੀ। ਉਹ ਆਪਣੇ ਤੋਂ ਯੋਗ ਵਿਅਕਤੀ ਨੂੰ ਸੱਤਾ ਤੋਂ ਦੂਰ ਕਰਕੇ ਹੀ ਸਾਹ ਲੈਂਦੀ ਸੀ। ਕੇਵਲ ਉਹ ਲੋਕ ਉਸਦੇ ਨੇੜੇ ਰਹਿ ਸਕਦੇ ਸਨ ਜੋ ਚਾਪਲੂਸ, ਜੀ ਹਜੂਰੀਏ ਅਤੇ ਚਮਚਾਗੀਰੀ ਵਿਚ ਨਿਪੁੰਨ ਸਨ।

ਇੰਦਰਾ ਦਾ ਮੁੱਖ ਉਦੇਸ਼ ਸਦਾ ਸੱਤਾ ਵਿੱਚ ਬਣੇ ਰਹਿਣਾ ਅਤੇ ਨਿਰੰਕੁਸ਼ ਸ਼ਾਸਨ ਕਰਨੇ ਦਾ ਸੀ। ਜੋ ਵੀ ਉਸਦੇ ਰਾਹ ਦਾ ਰੋੜਾ ਬਣਿਆ ਉਸਨੇ ਉਸ ਨੂੰ ਸਬਕ ਸਿਖਾਉਂਣ ਲਈ ਵੱਡਾ ਜਾਲ ਬੁਣਨਾਂ ਅਰੰਭ ਕਰ ਦਿੱਤਾ। ਪਰ ਉਸਦੇ ਦੁਆਰਾ ਅਕਾਲੀਆਂ ਅਤੇ ਸਿੱਖ ਸਮਾਜ ਨੂੰ ਮਿਟਾ ਦੇਣ ਦਾ ਚੱਕਰ ਵਿਊ ਭਾਵੇਂ ਵਿਰੋਧੀ ਨਹੀਂ ਜਾਣ ਸਕੇ ਪਰ ਪ੍ਰਕਿਤੀ ਨੇ ਹੀ ਉਸਨੂੰ ਇਸ ਵਿਚ ਫਸਾ ਕੇ ਸਦਾ ਲਈ ਖ਼ਤਮ ਕਰ ਦਿੱਤਾ।

ਗੱਲ ਇਥੇ ਹੀ ਨਹੀਂ ਮੁੱਕਦੀ। ਇਸ **'ਥਰਡ ਏਜੇਂਸ਼ੀ'** ਦੀਆਂ ਯੋਜਨਾਵਾਂ ਵਿੱਚ ਉਸਦਾ ਸਪੁੱਤਰ ਰਾਜ਼ੀਵ ਗਾਂਧੀ ਵੀ ਬਰਾਬਰ ਦਾ ਭਾਗੀਦਾਰ ਸੀ। ਇੰਦਰਾ ਦੇ ਮਰਨ ਪਿੱਛੋਂ ਜਦੋਂ ਉਸ ਦੇ ਹੱਥ ਸੱਤਾ ਆਈ ਤੇ ਉਸਨੇ ਬਦਲੇ ਦੀ ਭਾਵਨਾ ਨਾਲ ਨਿਰਦੋਸ਼ ਸਿੱਖਾਂ ਦੀ ਹੱਤਿਆਵਾਂ ਕਰਵਾਉਂਣ ਵਿਚ ਮੁੱਖ ਭੂਮਿਕਾ ਨਿਭਾਈ। ਉਸ ਸਮੇਂ ਲਗਭਗ 10,842 ਸਿੱਖ ਦਿੱਲੀ 'ਚ ਮਾਰੇ ਗਏ। ਜਿਨ੍ਹਾਂ ਦੀ ਐਫ.ਆਈ.ਆਰ. ਪੁਲਿਸ ਥਾਨਿਆਂ ਵਿਚ ਦਰਜ਼ ਹੈ। ਲਗਭਗ ਏਨੇ ਹੀ ਦੇਸ਼ ਦੇ -ਭਿੰਨ-ਭਿੰਨ ਨਗਰਾਂ 'ਚ ਮਾਰੇ ਗਏ । ਅਗਲੀਆਂ ਚੋਣਾਂ ਜਿੱਤਣ ਲਈ ਇਸਨੇ ਆਪਣੀ ਹੀ ਭਰਜਾਈ ਮੇਨਕਾ ਗਾਂਧੀ ਨੂੰ ਸਿੱਖ ਦੀ ਧੀ ਜਾਂ ਗੱਦਾਰ ਦੀ ਧੀ ਕਹਿਕੇ ਨਿੰਦਿਆ ਅਤੇ ਚੋਣਾਂ ਜਿੱਤਣ ਲਈ ਅਤਿ ਨੀਚ ਪ੍ਰਵਿਤੀ ਦਾ ਪ੍ਰਗਟਾਵਾ ਕੀਤਾ।

ਸੰਨ 1983 ਵਿੱਚ ਇਸ ਦੇ ਸੰਕੇਤ ਤੇ ਸ੍ਰੀ ਲੰਕਾਂ 'ਚ ਕ੍ਰਿਤਯਮ ਤਾਮਿਲ ਸਮੱਸਿਆ ਪੈਦਾ ਕੀਤੀ ਗਈ ਤੇ ਉਥੋਂ ਦੇ ਵਿਸਥਾਪਤਾਂ ਨੂੰ ਬੰਗਲਾ ਦੇਸ਼ ਦੀ ਮੁਕਤੀ ਵਾਹਿਨੀ ਦੇ ਪੈਟਰਨ ਅਨੁਸਾਰ ਉੱਗਰਵਾਦ ਦੀ ਟ੍ਰੇਨਿੰਗ ਜ਼ਿਲਾ ਦੇਹਰਾਦੂਨ ਦੀ ਚਕਰੋਤਾ ਤਹਿਸੀਲ ਦੇ ਜੰਗਲਾਂ 'ਚ ਦਿੱਤੀ ਗਈ । ਇਸ ਨਾਲ ਸ੍ਰੀ ਲੰਕਾ 'ਚ ਤਮਿਲ ਖ਼ੇਤਰ 'ਚ ਬਗਾਵਤ ਹੀ ਬਗਾਵਤ ਦਿੱਸਣ ਲਗੀ। ਪਰ ਜਦੋਂ ਰਾਜੀਵ ਸੱਤਾ 'ਚ ਆਇਆ ਤਾਂ ਉਸਨੇ ਇਕ ਵਿਸ਼ੇਸ਼ ਸੰਧੀ ਦੇ ਅੰਤਰਗਤ ਉਨਾਂ ਟ੍ਰੇਂਡ ਉਗੱਰਵਾਦੀਆਂ ਨੂੰ ਕੁਚਲਣ ਲਈ ਭਾਰਤੀ ਸੇਨਾ ਸ੍ਰੀ ਲੰਕਾ ਭੇਜੀ। ਜਿਸਦੇ ਪਰਿਣਾਮ ਵਜੋਂ ਭਾਰਤੀ ਸੇਨਾ ਨੂੰ ਭਾਰੀ ਹਾਨੀ ਸਹਨੀ ਪਈ। ਤੇ ਹਜ਼ਾਰਾ ਸੈਨਿਕ ਮਾਰੇ ਗਏ ਆਖਿਰ ਸੇਨਾ ਨੂੰ ਵਾਪਸ ਬੁਲਾਉਂਣਾ ਪਿਆ। ਪਰ ਉੱਥੇ ਉਗੱਰਵਾਦ ਦੀ ਸਮੱਸਿਆ ਜਿਉਂ ਦੀ ਤਿਉਂ ਬਣੀ ਰਹੀ ਬਲਕਿ ਹੋਰ ਉੱਗਰ ਰੂਪ ਧਾਰਨ ਕਰਗਈ । ਭਾਰਤੀ ਸੇਨਾ ਦੇ ਦੱਖਲ ਤੋਂ ਤਮਿਲ ਗੁਰਿੱਲਾ ਬਹੁਤ ਨਰਾਜ਼ ਸਨ। ਉਨ੍ਹਾਂ ਦਾ ਰੋਸ ਸ਼ਾਂਤ ਨਹੀ ਸੀ ਹੋ ਰਿਹਾ। ਰਾਜੀਵ ਗਾਂਧੀ ਦੀ ਇਕ ਚੋਂਣ ਰੈਲੀ ਚਿੱਨੇਈ ਸ਼ਹਿਰ 'ਚ ਸੀ। ਉਹਨਾਂ ਨੇ ਇਸ ਦਾ ਬਦਲਾ ਉਸ ਨੂੰ ਉਥੇਂ ਮੌਤ ਦੇ ਘਾਟ ਉਤਾਰ ਕੇ ਲਿਆ।

**ਇਸ ਘਟਨਾਂ ਨੂੰ ਉਜਾਗਰ ਕਰਨ ਤੋਂ ਸਾਡਾ ਭਾਵ ਹੈ ਕਿ ਮਕੜੀ ਆਪ ਹੀ ਆਪਣੇ ਜਾਲ ਵਿੱਚ ਫਸ ਜਾਂਦੀ ਹੈ। ਇਹ ਪ੍ਰਕਿਤੀ ਦਾ ਨਿਯਮ ਹੈ। 'ਜੈਸੀ ਕਰਨੀ ਵੈਸੀ ਭਰਨੀ' ਇਸ ਤਰ੍ਹਾਂ ਮਾਂ-ਪੁੱਤਰ ਦੋਵੇਂ ਮੌਤ ਦੇ ਸ਼ਿਕਾਰ ਹੋ ਗਏ।**

## ਸ਼ਹੀਦ ਪਰਮਪਰਾ

ਸਿੱਖ ਪ੍ਰਮਪਰਾ ਵਿਚ ਸ਼ਹੀਦ ਨੂੰ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਮਨੌਤ ਹੈ ਸ਼ਹੀਦੀ ਵਰਿਆਂ ਦੀ ਘੋਰ ਤਪਸਿਆ ਦੇ ਫਲ ਦੇ ਬਰਾਬਰ ਹੁੰਦੀ ਹੈ। ਜੋ ਪਰਹਿਤ ਦੇ ਲਈ ਆਤਮ ਬਲਿਦਾਨ ਦੇਂਦੇ ਹਨ ਉਹੀ ਲੋਕ ਸ਼ਹੀਦ ਕਹਾਉਂਦੇ ਹਨ। ਇਸ ਲਈ ਸ਼ਹੀਦ ਹੋਣ ਦੇ ਲਈ ਸਿੱਖ ਲੋਕਾਂ ਵਿਚ ਹੋੜ ਲਗੀ ਰਹਿੰਦੀ ਹੈ। ਕਿਉਂ ਕਿ ਇਸ ਵਿਧੀ ਨਾਲ ਇਹ ਨਾਸਵਾਨ ਸ਼ਰੀਰ ਸਫਲ ਹੋਕੇ ਧਰਮਾਰਥ ਕਾਰਜਾਂ ਵਿਚ ਪ੍ਰਭੁ ਰਚਣਾਂ ਵਿਚ ਭੇਟ ਕੀਤਾ ਜਾਂਦਾ ਹੈ। ਇਸ ਤਰ੍ਹਾਂ ਜੀਵ ਆਤਮਾ ਦਾ ਆਵਾਗਮਨ ਦਾ ਚਕਰ ਖਤਮ ਹੋ ਜਾਂਦਾ ਹੈ। ਭਾਵ ਇਹ ਕਿ ਜੀਵ ਆਤਮਾ ਨੂੰ ਭਟਕਣਾਂ ਨਹੀਂ ਪੈਂਦਾ। ਉਸ ਨੂੰ ਪ੍ਰਭੁ ਚਰਣਾਂ ਵਿਚ ਅਭੇਦ ਮਨਿਆ ਜਾਂਦਾ ਹੈ।

**ਧਿਆਨ ਰਖਣਾਂ:-**

**ਸਿੱਖਾਂ ਵਿਚ ਸ਼ਹੀਦ ਹੋਣਾਂ:- ਫਿਦਾਈਨ ਹਮਲੇ ਕਰਣਾਂ ਨਹੀਂ। ਫਿਦਾਈਨ ਹਮਲੇ ਆਤਮ ਹਤਿਆ ਮਨਿਆ ਗਿਆ ਹੈ। ਇਸ ਪ੍ਰਕਾਰ ਕਿਸੀ ਨਿਰਦੋਸ਼ ਨੂੰ ਮਾਰਨਾ ਸਖ਼ਤ ਅਪਰਾਧ ਅਤੇ ਮਹਾਪਾਪ ਹੁੰਦਾ ਹੈ।**

ਐਸੀ ਅਵਸਥਾ ਵਿਚ, ਇਸ ਸਰਲ ਵਿਧੀ ਦੁਆਰਾ ਮੁਕਤੀ ਦੀ ਪ੍ਰਾਪਤੀ ਲਈ ਕੌਣ ਕਾਮਨਾਂ ਨਹੀਂ ਕਰੇਗਾ। ਹੁਣ ਸੁਆਲ ਉਠਦਾ ਹੈ। ਸ਼ਹੀਦ ਹੋਣ ਦੇ ਮੋਕੇ ਕਿਸ ਤਰ੍ਹਾਂ ਮਿਲਣ? ਪਰ ਪ੍ਰਭੁ ਨੇ ਇਕ ਖੇਡ ਰਚਾਈ ਹੋਈ ਹੈ। ਓਹ ਸਮੇਂ-ਸਮੇਂ ਕੋਈ-ਨਾ- ਕੋਈ ਇਸ ਤਰ੍ਹਾਂ ਦੀ ਸਿਚਯੁਏਸ਼ਨ (ਵਿਧੀ) ਬਣਾ ਦੇਦਾ ਹੈ। ਇਸ ਵਿਚ ਸ਼ਹੀਦੀ ਪ੍ਰਾਪਤ ਕਰਣੇ ਵਾਲੇ ਮਤਵਾਲਿਆਂ ਦੇ ਲਈ ਮੋਕੇ ਹੀ ਮੋਕੇ ਹੁੰਦੇ ਹਨ।

ਜਦ ਦੀ ਸਿੱਖ ਕੌਮ ਦੀ ਉਤਪਤੀ ਹੋਈ ਹੈ। ਪਾਰਬ੍ਰਹਮ ਪਰਮੇਸ਼ਵਰ ਉਨ੍ਹਾਂ ਲਈ ਸਮੇਂ-ਸਮੇਂ ਪ੍ਰੀਖਿਆਂ ਦੀ ਕੋਈ ਨਵੀਂ ਵਿਲਖਣ ਖੇਡ ਰਚ ਦੇਂਦਾ ਰਿਹਾ ਹੈ। ਪਹਿਲਾਂ ਮੁਗ਼ਲਾਂ ਨੇ ਸਿੱਖਾਂ ਨੂੰ ਖਤਮ ਕਰਣ ਲਈ ਕੋਈ ਕੋਰ-ਕਸਰ ਨਾ ਛੱਡੀ ਉਨ੍ਹਾਂ ਸਿੱਖਰ ਦੇ ਜ਼ੁਲਮੋ-ਸਿਤਮ ਕੀਤੇ, ਜਿਨ੍ਹਾਂ ਵਿਚ ਉਨ੍ਹਾਂ ਨੇ ਸਿੱਖਾਂ ਦੇ ਮਾਸ਼ੂਮ ਬੱਚਿਆਂ ਨੂੰ ਵੀ ਨੇਜ਼ਿਆ ਤੇ ਟੰਗਿਆ। ਫਿਰ ਅੰਗ੍ਰੇਜ਼ਾਂ ਨੇ ਵੀ ਗੁਰਦੁਆਰਾ ਨਨਕਾਣਾਂ ਸਾਹਿਬ, ਗੁਰੂ ਕਾ ਬਾਗ ਅਤੇ ਜੈਤੋ ਦੇ ਮੌਰਚਿਆਂ ਵਿਚ ਹਜ਼ਾਰਾ ਨਿਰਦੋਸ਼ ਸਿੰਘਾਂ ਨੂੰ ਸ਼ਹੀਦ ਕੀਤਾ। ਹੁਣ ਵਰਤਮਾਨ ਕਾਲ ਵਿਚ ਆਜ਼ਾਦ ਭਾਰਤ ਵਿਚ ਨਹਿਰੂ, ਇੰਦਰਾ ਅਤੇ ਰਾਜੀਵ ਸਰਕਾਰਾ ਨੇ ਸਿੱਖਾਂ ਨੂੰ ਪ੍ਰਖਣ ਅਤੇ ਸ਼ਹੀਦ ਕਰਣ ਦਾ ਠੇਕਾ ਲਿਆ ਹੋਇਆ ਹੈ । ਇਨ੍ਹਾਂ ਸਰਕਾਰਾਂ ਨੇ ਨਿਰਦੋਸ਼ ਅਮ੍ਰਿਤਧਾਰੀ ਸਿੰਘਾਂ ਨੂੰ ਚੁਣ-ਚੁਣ ਕੇ ਸ਼ਹੀਦ ਕਿੱਤਾ ਹੈ। ਜਦ ਕਿ ਸਿੱਖਾਂ ਨੇ ਭਾਰਤ ਨੂੰ ਅਜ਼ਾਦ ਕਰਵਾਣੇ ਲਈ 2% ਦੀ ਅਬਾਦੀ ਹੋਣ ਦੇ ਬਾਵਜੂਦ 80% ਅਪਣੇ ਪ੍ਰਾਣਾਂ ਦੀ ਕੁਰਬਾਨੀ ਦੇਕੇ ਦੇਸ਼ ਆਜ਼ਾਦ ਕਰਵਾਇਆ ਸੀ। ਆਜ਼ਾਦੀ ਤੋਂ ਪਹਿਲਾਂ ਇਹੋ ਕਾਂਗ੍ਰੇਸੀ ਲੀਡਰ, ਮਹਾਤਮਾ ਗਾਂਧੀ, ਸਰਦਾਰ ਪਟੇਲ ਅਤੇ ਜਵਾਹਰ ਲਾਲ ਨੇਹਰੂ ਬਾਰ-ਬਾਰ ਸਿੱਖਾਂ ਨੂੰ ਇਹ ਹੀ ਵਿਸ਼ਵਾਸ ਦੇਂਦੇ ਸਨ ਕਿ ਅਜ਼ਾਦੀ ਮਿਲਣੇ ਤੇ ਭਾਰਤ ਸਰਕਾਰ ਸਿਖਾਂ ਨੂੰ ਇਕ ਖਾਸ ਖੇਤਰ ਵਿਚ ਸੰਪੂਰਣ ਆਜ਼ਾਦੀ ਨਾਲ ਜੀਵਨ ਜੀਣੇ ਲਈ ਸਾਰੇ ਸਾਧਨ ਉਪਲਬਧ ਕਰੇਗੀ। ਪਰ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਇਹੀ ਗਾਂਧੀ, ਨਹਿਰੂ ਅਤੇ ਪਟੇਲ ਅੱਖਾਂ ਬਦਲ ਗਏ। ਜਦੋਂਕਿ ਸਿੱਖਾਂ ਦੀ ਸਿਰਫ ਇਕੋ ਮੰਗ ਸੀ ਕਿ ਸਾਡੇ ਸੂਬੇ ਦੀ ਰਾਜ ਭਾਸ਼ਾ ਪੰਜਾਬੀ ਗੁਰਮੁਖੀ ਲਿਪੀ 'ਚ ਹੋਣੀ ਚਾਹਿਦੀ ਹੈ ਪਰ ਇਹ ਗਲ ਨਹੀਂ ਮਨੀ ਗਈ। ਇਸ ਲਈ ਕਈ ਬਹਾਨੇ ਘੜ ਲਏ ਗਏ ਅਤੇ ਇਸ ਮੰਤਵ ਨੂੰ ਠੁਕਰਾ ਦਿਤਾ ਗਿਆ।

ਇਸ ਤਰ੍ਹਾਂ ਅਕਾਲੀ ਮੋਰਚਾ ਚਲਾਣ ਵਾਲੇ ਨਾਇਕ ਬਣ ਗਏ ਇਸ ਪ੍ਰਕਾਰ ਨੇਹਰੂ ਅਤੇ ਮਹਾਸ਼ਾ ਲੋਕ ਖਲਨਾਇਕ ਦੀ ਭੂਮਿਕਾ ਵਿਚ ਚਲੇ ਗਏ ਵਿਧਾਤਾ ਦੀ ਸਿਚਯੁਏਸ਼ਨ ਵਿਚ ਸਿੱਖ ਮਤਵਾਲੇ ਨੂੰ ਸ਼ਹੀਦ ਹੋਣ ਦੇ ਸਮੇਂ-ਸਮੇਂ ਤੇ ਮੋਕੇ ਮਿਲਣ ਲਗੇ।

ਲਗਭਗ ਦਸ ਵਰਿਆ ਦੇ ਲੰਬੇ ਘੋਲ ਤੋਂ ਬਾਦ ਜਦੋਂ ਪੰਜਾਬ ਦੀ ਬਾਂਦਰ ਵੰਡ ਕਰ ਦਿਤੀ

ਗਈ। ਇਸ ਗਲ ਤੋਂ ਅਕਾਲੀ ਮੁੜ ਨਾਇਕ ਦੀ ਭੁਮਿਕਾ ਵਿਚ ਮਰੋਚਾ ਲਗਾਉਂਣ ਅਤੇ ਸ਼ਹੀਦੀਆਂ ਪਾਉਂਣ ਦੀ ਸਥੀਤੀ ਵਿਚ ਚਲੇ ਗਏ। ਇੰਦ੍ਰਾ ਈਰਖਾਲੁ ਅਤੇ ਕਪਟੀ ਸੀ ਉਸ ਨੇ ਸਿੱਖਾਂ ਨੂੰ ਕੁਚਲਣੇ ਦੇ ਲਈ ਕਈ ਸ਼ਜਿਸਾ ਰਚੀਆਂ ਜੋਕਿ ਵਿਪਖੀ ਆਗੁਆਂ ਨੂੰ ਵੀ ਸਮਝ ਵਿਚ ਨਹੀਂ ਆਈਆਂ। ਓਹ ਲੋਕ ਵੀ ਉਸ ਦੇ ਝਾਂਸੇ (ਫਰੇਬ) ਵਿਚ ਆ ਕੇ ਉਸ ਦੀ ਬੋਲੀ ਬੋਲਣ ਲਗ ਪਏ। ਇਸ ਪ੍ਰਕਾਰ ਇੰ੍ਦਾ ਨੇ ਸਿੱਖਾਂ ਦੇ ਦਮਨ ਕਰਣ ਲਈ ਕਈ ਚਕ੍ਰਵਿਯੂਹ ਰਚੇ ਜਿਸ ਵਿਚ ਸਿੱਖ ਯੁਵਕ ਫਸਦੇ ਹੀ ਚਲੇ ਗਏ। ਇਸ ਤਰ੍ਹਾਂ ਇੰਦਰਾ ਨੇ ਉਨ੍ਹਾਂ ਨੂੰ ਸ਼ਹੀਦ ਕਰਣੇ ਦਾ ਠੇਕਾ ਲੇ ਲਿਆ।

ਇੰਦਰਾ ਚਾਹੁੰਦੀ ਤਾਂ ਅਕਾਲੀ ਦਲ ਨਾਲ ਸਮਝੋਤਾ ਕਰ ਕੇ ਪੰਜਾਬ ਦੀ ਵੰਡ ਤੇ ਹੋਏ ਮਤਭੇਦ ਅਤੇ ਪਾਣੀ, ਬਿਜਲੀ ਕੇ ਮਸਲੇ ਨੂੰ ਸ਼ਾਂਤੀ ਪੂਰਣ ਤਰੀਕੇ ਨਾਲ ਹਲ ਕਰ ਸਕਦੀ ਸੀ। ਪਰ ਉਸ ਨੇ ਜਾਣਬੂਝ ਦੇ ਬਾਜ਼ੀ ਉਗਰਵਾਦੀ ਗੁਟਾਂ ਦੇ ਹਥਾਂ ਵਿਚ ਜਾਣ ਦੇਤੀ। ਤਾਕਿ ਸਿੱਖ ਯੁਵਾ ਪੀੜੀ ਦੀ ਸ਼ਕਤੀ ਨੂੰ ਸਦਾ ਦੇ ਲਈ ਖ਼ਤਮ ਕਰਕੇ ਖੁਦ ਚੰਡਿਕਾ ਦੇਵੀ ਕੁਵਾਹ ਸਕੇ ਜਿਸ ਨਾਲ ਅਗਾਮੀ ਚੋਣਾਂ ਵਿਚ ਉਸ ਨੂੰ ਹਿੰਦੂ ਵੋਟਰਾਂ ਦੀਆਂ ਵੋਟਾਂ ਨਾਲ  ਬਹੁ ਮਤ ਪ੍ਰਾਪਤ ਹੋ ਸਕੇ।

## ਅਟਲ ਬਿਹਾਰੀ ਬਾਜਪੇਈ

ਵਿਰੋਧੀ ਦਲਾਂ ਦੇ ਆਗੂ, ਸ੍ਰੀ ਅਟਲ ਬਿਹਾਰੀ ਬਾਜਪੇਈ ਜੀ ਜੋਕਿ ਦਾਨੇ ਪੁਰਸ਼ਾ ਵਿਚੋਂ ਸਨ–ਇੰਦਰਾ ਦੀ ਕੁਟਲ ਚਲਾਂ ਨੂੰ ਚੰਗੀ ਤਰ੍ਹਾਂ ਸਮਝ ਰਹੇ ਸਨ, ਪਰੰਤੂ ਮੁਤਸਬ ਕਾਰਣ ਮੇਸੇ ਬੜੇ ਰਹੇ ਯਾ ਫਿਰ ਉਹ ਟਪਲਾ ਖਾ ਗਏ। ਉਨ੍ਹਾਂ ਵੀ ਇਹ ਕਹਿ ਦਿਤਾ ਕਿ ਇੰਦਰਾ ਨੇ ਦਰਬਾਰ ਸਾਹਿਬ ਤੇ ਹਮਲਾਂ ਕਰਨ ਵਿਚ ਦੇਰੀ ਕਰ ਦਿਤੀ ਹੈ ਇਹ ਕੰਮ ਉਸ ਨੂੰ ਪਹਿਲਾਂ ਕਰਨਾ ਚਾਹਿਦਾ ਸੀ ਅਤੇ ਮੈਂਨੂੰ ਇੰਦਰਾ ਦੁਰਗਾ ਮਾਂ ਵਰਗੀ ਪ੍ਰਤੀਤ ਹੁੰਦੀ ਹੈ।

ਇਹੋ ਜਹੀ ਹਾਲਤ ਵਿਚ ਸ਼ਹੀਦੀ ਪ੍ਰਾਪਤ ਕਰਣੇ ਵਾਲੇ ਮਤਵਾਲਿਆਂ ਦੇ ਲਈ ਸੱਤਾਧਾਰੀਆਂ ਨੇ ਯਾ ਕੁਦਰਤ ਨੇ ਇਕ ਐਸਾ ਮੌਕਾ ਪ੍ਰਦਾਨ ਕਰ ਦਿਤਾ ਜੋਕਿ ਉਨ੍ਹਾਂ ਲਈ ਸਵਰਣ ਅਵਸਰ ਸੀ। ਓਹ ਲੋਕ ਤਾਂ ਇਹੀ ਤਾਂ ਚਾਹੁੰਦੇ ਸਨ ਕਿ ਸਾਡਾ ਮਰਣਾ ਧਰਮਾਰਥ ਹੋਵੇ

ਅਤੇ ਅਸੀਂ ਸ੍ਰੀ ਦਰਬਾਰ ਸਾਹਿਬ ਦੀ ਰਖਿਆ ਹੇਤੁ ਆਪਣੇ ਜੀਵਨ ਨਿਛਾਵਰ ਕਰ ਦੇਈਏ। ਇਸ ਪ੍ਰਕਾਰ ਉਹ ਮੌਕਾ ਮਿਲਣ ਤੇ ਜਾਨਾਂ ਨਿਛਾਵਰ ਕਰ ਗਏ।

ਇਸ ਤੋਂ ਇਲਾਵਾ ਓਹ ਅਣਗਿਣਤ ਲੋਕ ਜੋ ਕਰਫਿਯੂ ਆਡਰ ਦੀ ਅਵਗਿਆ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਤੇ ਭਾਰਤੀ ਫੌਜ ਦੇ ਹਮਲੇ ਕਰਣ ਦੇ ਵਿਰੋਧ ਵਿਚ ਪਿੰਡਾਂ-ਦਸਬਿਆਂ ਤੋਂ ਅੰਮ੍ਰਿਤਸਰ ਦੀ ਤਰਫ ਰੋਸ ਪਰਗਟ ਕਰਣ ਲਈ ਵਧ ਰਹੇ ਸਨ। ਹਵਾਈ ਫੌਜ ਨੇ ਆਪਣੇ ਬਬਰਾਂ ਰਾਹੀਂ ਬੰਬ ਵਰਖਾ ਕਰਕੇ ਨਿਹੱਥੀ ਜਨਤਾ ਨੂੰ ਸਦਾ ਦੀ ਨੀਂਦ ਸੁਆ ਦਿਤਾ। ਇਸ ਤਰਾਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਵਾਨ ਸ਼ਹੀਦੀ ਪਾਪਤੀ ਦੇ ਮਤਵਾਲੇ ਸ਼ਹਾਦਤ ਦਾ ਜਾਮ ਪੀ ਗਏ।

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਵਸ ਵਿਚ ਹਾਜ਼ਰੀ ਭਰਣ ਆਏ ਸ਼ਰਧਾਲੂ ਲੜਾਈ ਦੀ ਤਬਾਹੀ ਦੇ ਕਾਰਣ ਬੇਸਮੈਂਟਾਂ ਵਿਚ ਸ਼ਰਣ ਲੈਣ ਪਹੁੰਚੇ ਤਾਂ ਓੱਥੇ ਨ ਪਾਣੀ ਨ ਬਿਜਲੀ ਅਤਿ ਦੀ ਗਰਮੀ ਵਿਚ ਉਨ੍ਹਾਂ ਦਾ ਦਮ ਘੁਟਣ ਲਗਿਆ। ਚਾਰੋ ਤਰਫ ਫੈਲੇ ਬਾਰੂਦ ਦੇ ਧੂੰਅ ਦੇ ਕਾਰਣ ਕੁਝ ਦਿਖਾਈ ਵੀ ਨਹੀਂ ਸੀ ਦਿੰਦਾ। ਇਨ੍ਹਾਂ ਵਿਚ ਔਰਤਾਂ, ਬੱਚੇ ਤਾਂ ਡਰ ਦੇ ਕਾਰਣ ਹੀ ਨਿਢਾਲ ਹੋਕੇ ਭੁਖੇ-ਪਿਆਸੇ ਮਰ ਗਏ। ਇਨ੍ਹਾਂ ਨਿਰਦੋਸ਼ ਮਾਰੀ ਗਈ ਸੰਗਤ ਦੀ ਗਿਣਤੀ ਹਜਾਰਾਂ ਵਿਚ ਸੀ।

ਫੌਜ ਦਾ ਹਮਲਾ ਹੋਣ ਤੇ ਦਰਬਾਰ ਸਾਹਿਬ ਦੇ ਹਾਤੇ ਵਿਚ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਦੀ ਕਮਾਂਡ ਵਿਚ ਮੋਰਚਾ ਸਮਭਾਲਣ ਵਾਲੇ ਗਰਮ ਦਲੀਏ ਯੁਵਕਾਂ ਨੇ ਵੀ ਫੌਜ ਦਾ ਮੁਕਬਲਾ ਬਹੁਤ ਹੀ ਵੀਰਤਾ ਨਾਲ ਕੀਤਾ। ਉਨ੍ਹਾਂ ਨੇ ਫੌਜ ਨੂੰ ਮੂੰਹ ਤੋੜ ਉੱਤਰ ਦਿਤਾ। ਜਿਸ ਨਾਲ ਫੌਜ ਦੇ ਕਈ ਹਮਲੇ ਬੁਰੀ ਤਰ੍ਹਾਂ ਨਕਾਮ ਹੋਏ ਅਤੇ ਅਨੇਕਾਂ ਫੌਜੀ ਮਾਰੇ ਗਏ ਯਾ ਘਾਇਲ ਹੋਏ। ਇਹ ਯੁੱਧ ਦੋ ਦਿਨ ਪੂਰੇ ਘਮਸਾਨ ਨਾਲ ਚਲਦਾ ਰਿਹਾ। ਅੰਤ ਵਿਚ ਫੌਜ ਨੇ ਭਾਰੀ ਟੈਂਕਾਂ ਨਾਲ ਗਰਮ ਦਲੀਏ ਯੁਵਕਾਂ ਦੇ ਮੋਰਚੇ ਤਬਾਹ ਕਰ ਦਿਤੇ ਜਿਸ ਨਾਲ ਅਕਾਲ ਤਖ਼ਤ ਜੋਕਿ ਇਸ ਖੇਤਰ ਦਾ ਪ੍ਰਮੁਖ ਦੂਜੇ ਦਰਜੇ ਦਾ ਅਰਾਧਨਾ ਸਥਲ ਸੀ, ਖੰਡਰ ਹੋ ਗਿਆ। ਇਸ ਤਰ੍ਹਾਂ ਇਹ ਲੜਾਈ 7 ਜੂਨ 1984 ਨੂੰ ਮੁੱਕੀ ਅਤੇ ਸੇਨਾ ਨੇ ਸਾਰੇ ਦਰਬਾਰ ਸਾਹਿਬ ਦੇ ਇਲਾਕੇ ਤੇ ਕਬਜ਼ਾ ਕਰ ਲਿਆ।

ਇਸ ਕੌਮੀਘਾਤ (ਘਲੂਘਾਰੇ) ਵਿਚ ਡਿਯੂਟੀ ਤੇ ਤੈਨਾਤ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਦੀ ਲਿਖੀ ਪੁਸਤਕ ਦੇ ਅਨੁਸਾਰ ਉਗ੍ਰਵਾਦੀਆਂ ਦੇ ਸਮਸਤ ਮੋਰਚਿਆਂ ਵਿਚੋਂ ਉਨ੍ਹਾਂ ਦੇ 125 ਲਾਸ਼ਾ ਮਿਲਣ ਦਾ ਅੰਦਾਜ਼ਾ ਹੈ। ਉਨ੍ਹਾਂ ਦੇ ਹਾਰਣ ਦਾ ਕਾਰਣ ਉਨ੍ਹਾਂ ਕੋਲ ਗੋਲਾ, ਬਾਰੂਦ ਖਤਮ ਹੋਣਾਂ ਸੀ। ਜਦੋਂ ਉਨ੍ਹਾਂ ਦੇ ਅਸ਼ਤ੍ਰ-ਸ਼ਸਤ੍ਰਾਂ ਦਾ ਮੁਆਈਨਾ ਕੀਤਾ ਗਿਆ ਤਾਂ ਓਹ ਸਾਰੇ ਕੁਝ ਇਕ ਅਪਵਾਦ ਨੂੰ ਛਡ ਕੇ ਆਉਟ ਆਫ ਡੇਟ ਅਰਥਾਤ ਪੁਰਾਣੇ ਕਿਸਮ ਦੇ ਸਨ।

ਇਹ ਲੋਕ ਤਦ ਲੜਦੇ ਰਹੇ ਜਦੋਂ ਤਕ ਕਿ ਇਨ੍ਹਾਂ ਦਾ ਐਮਯੁਨਿਸ਼ਨ (ਗੋਲਾ ਬਰੂਦ) ਖਤਮ ਨਹੀਂ ਹੋ ਗਿਆ ਯਾ ਗੋਲੀ ਲਗਣ ਤੇ ਪ੍ਰਾਣ ਨਹੀਂ ਨਿਕਲ ਗਏ। ਇਸ ਬਲੂ ਸਟਾਰ ਓਪਰੇਸ਼ਨ ਦੇ ਮੁਖ ਅਧਯਸ਼ (ਸੰਚਾਲਕ) ਲੇਫਟੀਨੇਟ ਜਰਨਲ ਸੁੰਦਰ ਜੀ ਦਾ ਮਨਣਾ ਸੀ ਅਗਰ ਐਸੇ ਮਹਾ ਯੋਧਿਆਂ ਦੀ ਇਕ ਪਲਟਨ ਸਾਡੇ ਪਾਸ ਹੁੰਦੀ ਤਾਂ ਅਸੀਂ ਪਾਕਿਸਤਾਨ ਨੂੰ 24 ਘੰਟਿਆਂ ਵਿਚ ਜਿਤ ਸਕਦੇ ਹਾਂ!!

ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨੇ ਮਨਿਆ ਕਿ ਦਰਬਾਰ ਸਾਹਿਬ ਦੇ ਅਹਾਤੇ ਵਿਚ ਪੰਦ੍ਰਾਂ ਹਜ਼ਾਰ ਤੀਨ ਸੌਂ ਸਤ (15307) ਫੌਜੀ ਮਾਰੇ ਗਏ ਜਿਨ੍ਹਾਂ ਵਿਚ ਡੇਢ ਹਜ਼ਾਰ ਕਮਾਡੋਂ ਫੋਰਸ ਦੇ ਜਵਾਨ ਵੀ ਸਨ। ਜੋ ਫੌਜੀ ਘਾਇਲ ਯਾ ਨਕਾਰਾ ਹੋ ਗਏ ਉਨ੍ਹਾਂ ਦੀ ਗਿਣਤੀ ਸਤਾਰਾ ਹਜ਼ਾਰ ਅਠ ਸੌਂ ਸਤਾਨਵੇਂ (17897) ਸੀ। (Book:- The True, Story, Blue Star Operation)

**ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ।**

**ਸੂਰੇ ਸੇਈ ਆਗੈ ਆਖੀਅਹਿ ਦਰਗਾਹ ਪਾਵਹਿ ਸਾਚੀ ਮਾਣੋ॥**

ਵਡਹੰਸ ਮ.1 ਅੰਗ 580

ਯਥਾ

**ਜਉ ਤਉ ਪ੍ਰੇਮ ਖੇਲਣ ਦਾ ਚਾਉ॥**

**ਸਿਰੁ ਧਰਿ ਤਲੀ ਗਲੀ ਮੇਰੀ ਆਉ॥**

**ਇਤੁ ਮਾਰਗਿ ਪੈਰੁ ਧਰੀਜੈ॥**

**ਸਿਰੁ ਦੀਜੈ ਕਾਣਿ ਨ ਕੀਜੈ॥**

ਮ. 1 ਅੰਗ 1412

ਯਥਾ

**ਜੇ ਜੀਵੈ ਪਤਿ ਲਥੀ ਜਾਇ।**

**ਸਭੁ ਹਰਾਮੁ ਜੇਤਾ ਕਿਛੁ ਖਾਇ॥**

ਮ.1 ਅੰਗ 142

ਯਥਾ

**ਕਬੀਰ ਮਰਤਾ-ਮਰਤਾ ਜਗੁ ਮੂਆ, ਮਰਿ ਭਿ ਨ ਜਾਨਿਆ ਕੋਇ॥**

**ਐਸੇ ਮਰਨੇ ਜੋ ਮਰੈ, ਬਹੁਰਿ ਨ ਮਰਨਾ ਹੋਇ॥**

ਕਬੀਰ ਅੰਗ 1365

ਇਸ ਭਿਆਨਕ ਲੜਾਈ ਵਿਚ ਡੀਫੈਂਸ ਦਾ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਬੁਰੀ ਤਰ੍ਹਾਂ ਘਾਇਲ ਅਵਸਥਾ ਵਿਚ ਲਭਿਆ ਗਿਆ ਉਨ੍ਹਾਂ ਦੇ ਸ਼ਰੀਰ ਵਿਚ ਹੱਲਾ ਸੁਆਸ ਚਲ ਰਹੇ ਸਨ। ਪਰ ਉਹ ਬੇਸੁਧ ਸਨ। ਫੌਜ ਨੇ ਉਨ੍ਹਾਂ ਦੇ ਸ਼ਰੀਰ ਨੂੰ ਤੁਰੰਤ ਅਪਣੇ ਕਬਜ਼ੇ ਵਿਚ ਲਿਆ ਅਤੇ ਐਮਬੁਲੇਂਸ ਦੁਆਰਾ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਉਨ੍ਹਾਂ ਨੂੰ ਗੁਲੂਕੋਜ਼ ਅਤੇ ਆਕਸਿਜ਼ਨ ਆਦਿ ਸਾਧਨ ਦਿਤੇ ਗਏ ਅਤੇ ਉਨ੍ਹਾਂ ਤੁਰੰਤ ਆਰਮੀ ਹੇਡ ਕੁਆਟਰ ਤੋਂ ਇਹ ਪੁਛਿਆ ਕਿ ਇਨ੍ਹਾਂ ਨੂੰ ਜਿਉਂਦਾ ਰਖਣਾਂ ਹੈ ਯਾ ਮੌਤ ਦੇ ਘਾਟ ਉਤਾਰਨਾ ਹੈ।

ਆਰਮੀ ਹੇਡ ਕੁਆਟਰ ਨੇ **'ਥਰਡ ਏਜੇਂਸੀ'** ਨੂੰ ਰਿਪ੍ਰੋਟ ਦਿਤੀ, ਉਨ੍ਹਾਂ ਇੰਦ੍ਰਾ ਨਾਲ ਵਿਚਾਰ-ਵਟਾਂਦਰਾ ਕੀਤਾ। ਅੰਤ ਵਿਚ 6 ਘੰਟਿਆਂ ਬਾਦ ਇਹ ਨਿਰਣਾਂ ਹੋਇਆ ਕਿ ਉਸ ਨੂੰ ਮਿਰਤੂ ਡੰਡ ਦੇ ਦਿਓ। ਕਿਉਂਕਿ ਇਸ ਤੇ ਮੁਕਦਮਾਂ ਚਲਉਂਣਾ ਵੀ ਖ਼ਤਰੇ ਤੋਂ ਖਾਲੀ ਨਹੀਂ। ਅਸਲ ਵਿਚ ਇਹ ਮਨੂੰਖ ਬਹੁਤ ਹਾਜ਼ਿਰ ਜੁਆਬ ਹੈ ਅਤੇ ਇਸ ਦੀਆਂ ਗੱਲਾਂ ਬਹੁਤ ਹੀ ਤਰਕ ਸੰਗਤ ਹੁੰਦਿਆਂ ਹਨ, ਜਿਨਾਂ ਦਾ ਸਾਡੇ ਪਾਸ ਕੋਈ ਉੱਤਰ ਨਹੀਂ ਹੋਇਗਾ। ਅਗਰ ਮੁਕਦਮਾ ਖੁਲੀ ਕੋਰਟ ਵਿਚ ਚਲਾਇਆ ਗਿਆ ਜਿਸ ਤਰ੍ਹਾਂ ਕਿ ਜਨਤਾ ਦੀ ਮੰਗ ਰਹੇਗੀ ਤਾਂ ਇਸ ਮਨੁੰਖ ਦੇ ਸੁਆਲਾ ਦਾ ਜੁਆਬ ਕੋਈ ਵੀ ਨਹੀਂ ਦੇਣ ਦੇ ਸਮਰਥ ਹੋਏਗਾ। ਇਸ ਤਰ੍ਹਾਂ ਕੈਦੀ ਜਰਨੈਲ ਸਿੰਘ ਡਿੰਡਰਾਵਾਲੇ ਨੂੰ ਜਿਉਂਦਾ ਪਕੜੇ ਜਾਣੇ ਤੇ ਵੀ ਫੌਜ ਨੇ ਬਾਦ ਵਿਚ ਮੌਤ ਦੇ ਘਾਟ ਉਤਾਰ ਦਿਤਾ ਅਤੇ ਉਨ੍ਹਾਂ ਦੀ ਮਿਰਤਕ ਦੇਹ ਨੂੰ ਸ਼੍ਰੀ ਦਰਬਾਰ ਸਾਹਿਬ ਪਰਿਸਰ (ਅਹਾਤੇ) ਵਿਚ ਰਖ ਕੇ 'ਸੂਰਿਆ ਪਤ੍ਰਕਾ' ਵਿਚ ਪ੍ਰਕਾਸ਼ਿਤ ਕਰਵਾ ਕੇ ਸੰਸਾਰ ਦੇ ਸਾਮਣੇ ਕੁਝ ਦਿਨਾਂ ਬਾਦ ਮਿਰਤ ਦਿਖਾਇਆ ਗਿਆ।

ਹੁਣ ਸਾਰੇ ਮਨੁੱਖੀ ਸਮਾਜ਼ ਦੇ ਸਾਮਣੇ ਇਕ ਸੁਆਲ ਉਠਦਾ ਹੈ ਕਿ ਇਕ ਤਰਫ ਸਰਕਾਰੀ ਫੌਜ ਦੀ ਗਿਨਤੀ ਲਗਭਗ ਇਕ ਲੱਖ ਉਹ ਵੀ ਅਤਿ ਆਧੁਨਿਕ ਸ਼ਸਤ੍ਰਾਂ ਨਾਲ ਲੈਸ ਅਤੇ ਦੁਜੀ ਤਰਫ ਸਿਰਫ ਸੌ ਯਾ ਡੇਡ ਸੌ ਸਿਰਲਥ ਯੁਵਕ (ਮਰਜਿਵੜੇ) ਜੋ ਹਰ ਦ੍ਰਿਸ਼ਟੀ ਨਾਲ ਜਿਤ ਨਹੀਂ ਸਨ ਸਕਦੇ। ਮੌਤ ਉਨ੍ਹਾਂ ਦੀ ਤੈ ਸੀ। ਉਹ ਫਿਰ ਵੀ ਭੈ-ਭੀਤ ਕਿਉਂ ਨਹੀਂ ਹੋਏ? ਉਨ੍ਹਾਂ ਲੋਕਾਂ ਵਿਚੋਂ ਕਿਸੇ ਨੇ ਵੀ ਸ਼ਸਤ੍ਰ ਸੁਟ ਕੇ ਆਤਮ ਸਮਰਪਣ ਕਿਉਂ ਨਹੀਂ ਕੀਤਾ? ਜਿਸ ਤਰ੍ਹਾਂ ਕਿ ਫੌਜੀ ਅਫਸਰਾ ਦਾ ਅਨੁਮਾਨ ਸੀ। ਉਹ ਕੇਹੜੀ ਦੈਵੀ ਸ਼ਕਤੀ ਅਤੇ ਕੇਹੜਾਂ ਆਤਮ ਬਲ ਸੀ, ਜਿਸ ਨੇ ਉਨ੍ਹਾਂ ਨੂੰ ਨਿਰਭੈ ਬਣਾ ਦਿਤਾ ਸੀ? ਜਦੋਂ ਕਿ ਉਨ੍ਹਾਂ ਨੂੰ ਪੱਤਾ ਸੀ ਕਿ ਸਾਡੇ ਬਾਦ ਸਾਡੇ ਪਰਿਵਾਰ ਨੂੰ ਕੋਈ ਸਾਂਭਲ ਵਾਲਾ ਵੀ ਨਹੀ ਮਿਲਣਾ ਬਲਕਿ ਸਰਕਾਰ ਉਨ੍ਹਾਂ ਦਾ ਜੀਣਾਂ ਹਰਾਮ ਕਰ ਦੇਵੇਗੀ?

ਉੱਤਰ ਹੈ:- ਸੱਚ ਅਤੇ ਝੂਠ ਦੀ ਲੜਾਈ ਵਿਚ ਵੀਰ-ਪੁਰਖ ਸਦਾ ਆਤਮ ਬਲਿਦਾਨ ਦੇਂਦੇ ਰਹਿੰਦੇ ਹਨ ਇਹ ਹੀ ਕੁਦਰਤ ਦਾ ਅਸੂਲ ਹੈ। ਸੰਤ ਜਰਨੈਲ ਸਿੰਘ ਭਿੰਡਰਾਵਾਲਾ ਵੀ ਇਕ ਵੀਰ

ਯੋਧਾ ਪੁਰਖ ਸੀ ਉਨ੍ਹਾਂ ਨੂੰ ਕਿਸੀ ਪਦਵੀ ਯਾ ਧਨ ਦੀ ਭੁਖ ਨਹੀਂ ਸੀ। ਉਹ ਸੱਚ ਤੇ ਨਿਸ਼ਕਾਮ ਪਹਰਾ ਦੇਂਦੇ ਸਨ। ਉਹ ਪੂਰਣ ਗੁਰੂ 'ਪੰਜ ਪਿਆਰਿਆਂ' ਪਾਸੋ ਦੀਖਸ਼ਤ, ਗੁਰੂ ਦਾ ਨਾਲ ਸੀ। ਜਿੱਥੇ ਡਗ-ਮਗਾਹਟ ਦੀ ਕੋਈ ਗੁਜੈਸ਼ ਨਹੀਂ ਹੁੰਦੀ। ਇਸ ਲਈ ਉਹ ਅਤੇ ਉਸ ਦੇ ਸਾਰੇ ਸਾਥੀ ਜਿਨ੍ਹਾਂ ਨੇ ਪੰਜ ਪਿਆਰਿਆਂ ਤੋਂ ਅੰਮ੍ਰਿਤਧਾਰਣ ਕੀਤਾ ਹੋਇਆ ਸੀ ਆਪਣੇ ਪ੍ਰਾਣਾਂ ਦੀ ਕੁਰਬਾਨੀ ਦੇ ਗਏ। ਸ਼ਾਇਦ ਇਸ ਲਈ ਸਰਕਾਰੀ ਤੰਤ੍ਰ ਨੇ ਇਸ ਸ਼ਹੀਦੀ ਸਾਕੇ ਤੋਂ ਬਾਦ ਅੰਮ੍ਰਿਤਧਾਰਿਆਂ ਨੂੰ ਆਪਣੇ ਓਪਰੇਸ਼ਨਾਂ ਵਿਚ ਵਿਸ਼ੇਸ਼ ਰੂਪ ਵਿਚ ਵੁਡਰੋਜ ਅਤੇ ਬਲੈਕ ਥੰਡਰ ਵਿਚ ਚੁਣ-ਚੁਣ ਕੇ ਨਿਸ਼ਾਨ ਬਣਾਇਆ।

ਇੰਦ੍ਰਾ ਸਰਕਾਰ  ਇਹ ਸੋਚ ਰਹੀ ਸੀ ਕਿ ਅਪਾਰ ਫੌਜੀ ਤਾਕਤ ਨਾਲ ਮੈਂ ਸਿੱਖਾਂ ਨੂੰ ਸਦਾ ਦੇ ਲਈ ਕੁਚਲ ਕੇ ਰਖ ਦੇਵਾਂਗੀ, ਤਾਂਕਿ ਫਿਰ ਸਿੱਖ ਕਦੇ ਵੀ ਸਿਰ ਉਠਾਣ ਦੀ ਹਿਮਤ ਨਾ ਕਰ ਸਕਣਗੇ। ਪਰ ਹੋਇਆ ਬਿਲਕੁਲ ਇਸ ਦੇ ਉਲਟ। ਜਿਸ ਤਰ੍ਹਾਂ-ਜਿਸ ਤਰ੍ਹਾਂ, ਉਹ ਸਿੱਖਾਂ ਦੀ ਨਸਲ-ਕੁਸ਼ੀ ਦੇ ਉਪਰੇਸ਼ਨ ਵੁਡ-ਰੋਜ ਅਤੇ ਬਲੈਕ ਥੰਡਰ ਆਦਿ ਚਲਾਉਂਦੀ ਉਦਾਂ-ਉਦਾਂ ਹੀ ਸਿੱਖ ਮੁੜ ਜਾਗ੍ਰਤੀ ਦੀ ਤਰਫ ਨਿਕਲ ਪਏ। ਉਹ ਸਾਰੇ ਲੋਕ ਆਤਮ ਬਲਿਦਾਨ ਦੇ ਲਈ ਤਿਆਰ ਹੋ ਗਏ ਅਤੇ ਪੂਰਾ ਪੰਜਾਬ ਕੇਸਰੀਆਂ ਪਗੜੀਆਂ ਅਤੇ ਦੁਪਟੇਆਂ ਨਾਲ ਭਰੀਆ ਦਿਖਣ ਲਗਾ।

ਇਸ ਜਾਗ੍ਰਤੀ ਨੂੰ ਵੇਖਦੇ ਹੋਏ ਇੰਦ੍ਰਾ ਦੀ 'ਥਰਡ ਏਜੈਸੀ' ਨੇ ਇਕ ਵਿਸਾਲ ਓਪਰੇਸ਼ਨ ਸ਼ਾਂਤੀ ਤਿਆਰ ਕੀਤਾ ਜਿਸ ਦਾ ਮੁਖ ਟੀਚਾ ਸੀ ਸਿੱਖਾਂ ਨੂੰ ਖਤਮ ਕਰ ਦਿਓ। ਇਹ ਯੋਜਨਾ 8 ਨੰਵਬਰ 1984 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ-ਗੁਰਪਰਬ ਵਾਲੇ ਦਿਨ ਕਿਰਆਨਵਿਤ ਹੋਣੀ ਸੀ ਪਰ ਉਸ ਪਰਮ ਪਿਤਾ ਪਰਮੇਸ਼ਵਰ ਦੇ ਹੁਕਮ ਨਾਲ 31 ਅਕਤੁਬਰ ਨੂੰ ਉਹ ਖੁਦ ਹੀ ਖਤਮ ਹੋ ਗਈ।

## ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਖ਼ਸ਼ਿਅਤ

ਸੰਤ ਜਰਨੈਲ ਸਿੰਘ ਜੀ ਦਾ ਜਨਮ ਸਨ 1946 ਵਿਚ ਇਕ ਸਧਾਰਣ ਕਿਸਾਨ ਸ੍ਰ: ਜੋਗਿੰਦਰ ਸਿੰਘ ਦੇ  ਗ੍ਰਹ ਵਿਚ ਹੋਇਆ। ਆਪ ਆਪਣੇ ਮਾਪਿਆਂ ਦੀ ਛੇਵੀ ਸਨਤਾਨ ਸਨ। ਆਪ ਦੇ ਨਾਨਾ

ਜੀ ਅਤੇ ਵਡੇ ਵੀਰ ਭਾਰਤੀ ਫੌਜ ਵਿਚ ਨੌਕਰੀ ਕਰਦੇ ਸਨ। ਆਪਦੇ ਮਾਪੇ ਧਾਰਮਿਕ ਰੁਚੀਆਂ ਵਾਲੇ ਹੋਣ ਕਾਰਣ ਆਪ ਜੀ ਬਚਪਨ ਤੋਂ ਹੀ ਅਧਿਆਤਮਿਕ ਗਿਆਨ ਪ੍ਰਾਪਤੀ ਦੇ ਲਈ ਸੰਤਾ, ਮਹਾਂਪੁਰਖਾਂ ਦੀ ਸੰਗਤ ਕਰਣ ਲਈ ਉਨ੍ਹਾਂ ਦੇ ਡੇਰਿਆਂ ਤੇ ਅਕਸਰ ਜਾਂਦੇ ਰਹਿੰਦੇ ਸਨ। ਆਪ ਜੀ ਨੇ ਸਿਰਫ ਪ੍ਰਾਈਮਰੀ ਸ਼ਿਖਿਆ ਤਦ ਪੜ੍ਹਾਈ ਕਰ ਕੇ ਸਕੂਲ ਛਡ ਦਿਤਾ। ਇਸ ਤੋਂ ਬਾਦ ਆਪ ਜੀ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਦਮਦਮੀ ਟਕਸਾਲ ਵਿਚ ਅਧਿਆਤਮਿਕ ਸਿਖਿਆ ਪ੍ਰਾਪਤੀ ਲਈ ਉਨ੍ਹਾਂ ਦੇ ਵਿਦਿਆਲੇ ਵਿਚ ਦਾਖਲ ਹੋ ਗਏ। ਜਿੱਥੇ ਆਪਜੀ ਦੂਜੇ ਵਿਦਿਆਰਥੀਆਂ ਦੀ ਤੁਲਨਾ ਵਿਚ ਬਹੁਤ ਪ੍ਰਤਿਭਾਵਾਨ ਜਾਣੇ-ਜਾਣ ਲਗੇ। ਇਸ ਲਈ ਅਧਿਆਪਕਾਂ ਦਾ ਧਿਆਨ ਆਪ ਵਲ ਖਿਚਿਆ ਗਿਆ। ਜਿਲ੍ਹਾ ਅੰਮ੍ਰਿਤਸਰ ਦੇ ਚੌਕ ਮਹੱਤਾ ਵਿਚ ਸਥਿਤ ਦਮਦਮੀ ਟਕਸਾਲ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਜੀ ਦੀ ਉਨ੍ਹਾਂ ਤੇ ਵਿਸ਼ੇਸ ਕ੍ਰਿਪਾ ਦ੍ਰਿਸ਼ਟੀ ਹੋ ਗਈ ਜਦੋਂ ਉਨ੍ਹਾਂ ਨੇ ਵੇਖਿਆ ਕਿ ਬਾਲਕ ਜਰਨੈਲ ਸਿੰਘ ਬਹੁਤ ਤੀਖ਼ਣ ਬੁੱਧੀਵਾਲਾ ਵਿਦਿਆਰਥੀ ਹੈ ਅਤੇ ਉਹ ਕ੍ਰਿਦਾਰ ਪਥੋਂ ਵੀ ਉੱਚੇ ਆਚਰਣ ਦਾ ਮਾਲਿਕ ਹੈ। ਭਾਵ ਇਹ ਕਿ ਜਰਨੈਲ ਸਿੰਘ ਦੀ ਜੀਵਨ ਸ਼ੈਲੀ ਗੁਰੂ ਆਦੇਸ਼ਾਂ ਦੇ ਅਨੁਸਾਰ ਸੱਚ ਦੇ ਮਾਰਗ ਦਾ ਪਾਂਧੀ ਜਾਣ ਕੇ ਸੰਤ ਕਰਤਾਰ ਸਿੰਘ ਜੀ ਨੇ ਉਨ੍ਹਾਂ ਦੀ ਵਿਸ਼ੇਸ ਸਿਖਿਆ ਤੇ ਧਿਆਨ ਦੇਣਾ ਸ਼ੁਰੂ ਕਰ ਦਿਤਾ। ਇਸ ਵਿਸ਼ੇਸ ਸਿਖਿਆ ਵਿਚ ਨਾਮ ਅਭਿਆਸ (ਸਾਧਾਨਾ) ਕਰਣਾਂ ਜਰੂਰੀ ਅੰਗ ਸੀ। ਨਾਮ ਅਭਿਆਸ ਦੀ ਕਮਾਈ ਵਿਚ ਵੀ ਜਰਨੈਲ ਸਿੰਘ ਦੂਜੇ ਵਿਦਿਆਰਥੀਆਂ ਤੋਂ ਕਿਤੇ ਅਗੇ ਨਿਕਲ ਗਏ। ਉਨ੍ਹਾਂ ਨੇ ਅੰਤਾਕਰਣ ਦੀ ਖੋਜ ਵਿਚ ਆਤਮਰਸ ਦੀ ਪ੍ਰਾਪਤੀ ਕੀਤੀ। ਇਸ ਗਲ ਤੋਂ ਖੁਸ਼ ਹੋ ਕੇ ਸੰਤ ਕਰਤਾਰ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੇ ਨਿਕਟ ਵਰਤੀਆਂ ਸੇਵਕਾਂ ਵਿਚ ਸ਼ਾਮਿਲ ਕਰ ਲਿਆ। ਸਹਜੇ-ਸਹਜੇ ਬਾਲਕ ਜਰਨੈਲ ਸਿੰਘ ਨੇ ਸੇਵਾ ਭਾਵ ਨਾਲ ਸੰਤ ਜੀ ਦਾ ਮਨ ਜਿਤ ਲਿਆ। ਉਹ ਇਤਨੇ ਆਗਿਆਕਾਰ ਸਨ ਕਿ ਉਨ੍ਹਾਂ ਨੂੰ ਸੰਤਜੀ ਨੇ ਆਪਣੇ ਨਿਜ਼ੀ ਸੇਵਕ ਗਡਵਈ (ਹਜੂਰੀਏ) ਰੂਪ ਵਿਚ ਨਿਯੁਕਤ ਕਰ ਲਿਆ। ਇਸ ਤਰ੍ਹਾਂ ਉਹ ਹਰ ਸਮੇਂ ਸੰਤਾਂ ਨਾਲ ਰਹਿਣ ਲਗੇ। ਉਨ੍ਹਾਂ ਦਿਨਾਂ ਵਿਚ ਸੰਤ ਕਰਤਾਰ ਸਿੰਘ ਜੀ ਨੇ ਜਰਨੈਲ ਸਿੰਘ ਨੂੰ ਇਕ ਖਾਸ ਗੁੜਤੀ ਦਿਤੀ ਕਿ ਨਿਰਭਯ

ਸ਼ਕਤੀ ਦਾ ਉਪਾਸਕ ਹੀ ਨਿਰਭੈ ਬਣ ਸਕਦਾ ਹੈ। ਇਸ ਲਈ ਹਰਸਮੇਂ ਨਿਰਭੈ ਸ਼ਕਤੀ ਦਾ ਸਿਮਰਨ ਕਰਨਾ ਚਾਹਿਦਾ ਹੈ। ਇਸ ਤਰ੍ਹਾਂ ਜਰਨੈਲ ਸਿੰਘ ਜੀ ਨੇ ਗੁਰੂ ਉਪੱਦੇਸ਼ ਅਨੁਸਾਰ 'ਨਿਰਭਉ ਜਪੈ ਸਗਲ ਭਉ ਮਿਟੈ' ਦੇ ਵਾਕ ਅਨੁਸਾਰ 'ਅਕਾਲਪੁਰਖ' ਦਾ ਸਿਮਰਨ ਕਰਨਾ ਸ਼ੁਰੂ ਕਰ ਦਿਤਾ। ਜਿਸ ਨਾਲ ਉਹ ਆਤਮ ਬਲ ਨਾਲ ਮਾਲਾ-ਮਾਲ ਹੁੰਦੇ ਚਲੇ ਗਏ। ਜਦੋਂ ਸੰਤ ਕਰਤਾਰ ਸਿੰਘ ਜੀ ਨੂੰ ਅਨੁਭਵ ਹੋਇਆ ਕਿ ਜਰਨੈਲ ਸਿੰਘ ਠੀਕ ਨਿਸ਼ਾਨੇ ਵਾਲ ਵਧਦਾ ਚਲਾ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਆਪਣੇ ਨਿਕਟ ਵਰਤੀਆਂ ਨੂੰ ਕਹਿਆ-ਸਾਡਾ ਸ਼ਰੀਰ ਜਲਦੀ ਛੁਟ ਜਾਏਗਾ ਇਸ ਲਈ ਮੇਰੇ ਤੋਂ ਬਾਦ ਬਾਬਾ ਦੀਪ ਸਿੰਘ ਜੀ ਦੀ ਦਮਦਮੀ ਟਕਸਾਲ ਦਾ 14ਵਾਂ ਮੁਖੀ ਜਰਨੈਲ ਸਿੰਘ ਹੋਵੇਗਾ।

ਕੁਝ ਦਿਨ ਬਾਦ ਸੰਤ ਕਰਤਾਰ ਸਿੰਘ ਜੀ ਦੀ ਦਾ ਦੇਹਾਂਤ ਇਕ ਐਕਸਿਡੇਂਟ ਕਾਰਣ ਹੋ ਗਿਆ ਤਾਂ ਜਰਨੈਲ ਸਿੰਘ ਜੀ ਨੂੰ ਉਨ੍ਹਾਂ ਦਾ ਉੱਤਰਾਧਿਕਾਰੀ ਨਿਉਕਤ ਕਰ ਦਿਤਾ ਗਿਆ। ਨਿਉਕਤੀ ਤੋਂ ਬਾਦ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਕਈ ਪ੍ਰੋਗਰਾਮ ਉਲੀਕੇ। ਜਿਸ ਨਾਲ ਯੁਵਾ ਪੀੜੀ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਨੇੜੇ ਆਉਂਦੀ ਹੀ ਚਲੀ ਗਈ। ਉਨ੍ਹਾਂ ਦਾ ਟੀਚਾ ਸੀ ਯੁਵਾ ਪੀੜੀ ਨੂੰ ਆਦਰਸ਼ ਜੀਵਨ ਜੀਣੇ ਦੇ ਲਈ ਪ੍ਰੇਰਣਾ । ਭਾਵ ਇਹ ਕਿ ਪੰਥ ਵਿਚ ਚੜ੍ਹਦੀ ਕਲਾਂ ਦੇ ਸੰਕਲਪ ਨੂੰ ਦ੍ਰਿੜਤਾ ਨਾਲ ਲਾਗੂ ਕਰਨਾ।

ਬਸ ਇਨ੍ਹਾਂ ਦਿਨਾਂ ਵਿਚ ਹੀ ਭਾਰਤੀ ਰਾਜਨੀਤੀ ਵਿਚ ਬਹੁਤ ਵਡੇ ਉੱਤਾਰਾ-ਚੜਾਹ ਹੋਏ। ਜਿਸ ਕਾਰਣ ਇੰਦਰਾ ਗਾਂਧੀ ਮੁੜ ਸੱਤਾ ਵਿਚ ਵਾਪਸ ਆ ਗਈ। ਹੁਣ ਉਸ ਦਾ ਮੂਲ ਟੀਚਾ ਅਕਾਲੀਆਂ ਤੋਂ ਬਦਲਾ ਲੈਣਾ ਸੀ ਉਹ ਸੰਤ ਜਰਨੈਲ ਸਿੰਘ ਜੀ ਨੂੰ ਆਪਣੇ ਹਿਤ ਵਿਚ ਵਰਤ ਕੇ ਅਕਾਲੀਆਂ ਨੂੰ ਪਛਾੜਨਾਂ ਚਾਹੁੰਦੀ ਸੀ ਪਰ ਜਰਨੈਲ ਸਿੰਘ ਜੀ ਸੱਚ ਦੇ ਮਾਰਗ ਦੇ ਪਾਂਧੀ ਸਨ ਅਤੇ ਗੁਰੂ ਦੇ ਸੱਚੇ ਲਾਲ ਹੋਣ ਕਾਰਣ ਇੰਦਰਾ ਦੇ ਝਾਂਸੇ ਵਿਚ ਨਹੀਂ ਆਏ। ਇਸ ਲਈ ਉਨ੍ਹਾਂ ਦਾ ਸੱਤਾ ਧਾਰੀਆਂ ਨਾਲ ਮਤਭੇਦ ਹੋ ਗਿਆ। ਇਸ ਕਾਰਣ ਟਕਰਾਵ ਦੀ ਸਥਿਤੀ ਵਧਦੀ ਹੀ ਚਲੀ ਗਈ। ਸੰਤ ਜਰਨੈਲ ਸਿੰਘ ਭਾਰਤੀ ਰਾਜਨੀਤੀ ਦੇ ਦੋਹਰੇ ਮਾਪਦੰਡ ਤੋਂ ਬਹੁਤ ਨਰਾਜ ਸਨ। ਉਨ੍ਹਾਂ ਦਾ ਮਨਣਾ ਸੀ ਕਿ ਇੰਦਰਾ ਸਰਕਾਰ ਹਿੰਦੂਆਂ ਦੇ ਲਈ ਅਲਗ ਨਿਯਮ, ਅਪਣੇ ਬੇਟਿਆ ਵਰਗਾ

ਰਖਦੀ ਹੈ ਅਤੇ ਸਿੱਖਾਂ ਲਈ ਮਤਰਈ ਮਾਂ ਵਰਗਾ। ਇਸ ਲਈ ਨਿਆਂ ਪ੍ਰਣਾਲੀ ਵਿਚ ਬਹੁਤ ਹੀ ਵਿਰੋਧਭਾਸ ਹੋਣ ਕਾਰਣ ਉਹ ਬਹੁਤ ਨਿਰਾਸ ਅਤੇ ਦੁਖੀ ਸਨ। ਉਨ੍ਹਾਂ ਦਾ ਮਨਣਾਂ ਸੀ ਜਦ ਨਿਆਂ ਦੇ ਦੋਹਰੇ ਮਾਪ ਦੰਡ ਹੋਣ ਤਾਂ ਲੋਕ ਤੰਤ੍ਰ ਦਾ ਢੋਂਗ ਕਿਸ ਲਈ? ਭਾਰਤ ਕਿਸ ਗਲ ਲਈ ਧਰਮ ਨਿਰਪਖ ਹੈ? ਬਸ ਇਸ ਗਲ ਲਈ ਹੀ ਟਕਰਾਵ ਅਤੇ ਤਨਾਵ ਵਧਦਾ ਹੀ ਚਲਾ ਗਿਆ।

**" ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹਿ "**

**ਯਥਾ**

**ਸਚੁ ਸੁਣਾਇਸੀ ਸਚ ਕੀ ਬੇਲਾ**

## ਇਸ ਲਘੂ ਪੁਸਤਕ ਦੀ ਰਚਨਾਂ ਵਿਚ ਸਹਾਇਕ ਪੁਸਤਕਾਂ ਦੀ ਸੂਚੀ


1. ਇਤਿਹਾਸ ਵਿਚ ਸਿੱਖ : ਸੰਗਤ ਸਿੰਘ
2. ਦਿ ਟ੍ਰਉ ਸਟੋਰੀ ਬਲੂ ਸਟਾਰ ਆਪਰੇਸ਼ਨ : ਲੈਫਟੀਨੇਟ ਜ. ਕੁਲਦੀਪ ਸਿੰਘ
3. ਵੀਹਵੀਂ ਸਦੀ ਦੀ ਸਿੱਖ ਰਾਜਨੀਤਿ : ਅਜਮੇਰ ਸਿੰਘ
4. ਸਿੱਖ ਤਵਾਰੀਖ : ਡਾ. ਹਰਜਿੰਦਰ ਸਿੰਘ
5. ਸਿੱਖ ਇਤਿਹਾਸ ਭਾਗ -2 : ਖੁਸ਼ਵੰਤ ਸਿੰਘ
6. ਸਿਖ ਨਸਲਕੁਸ਼ੀ 1984 : ਸਿਮਰਜੀਤ ਸਿੰਘ


**समाप्त**


अनुवाद कर्त्ता

जसबीर सिंघ फोन: 099881-60484

Type Setting : Radheshyam Choudhary

Mob.: 098149-66882

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

**E-mail : info@sikhworld.info**
**&**
**jasbirsikhworldinfo@gmail.com**

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ੂਰਰ ਦੇਖੋ ਅਤੇ ਪੜੋ ਜੀ।

## इस वैब साईट की विशेषता

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਬੰਧਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਿਸਾਉਂਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁੱਟਨੋਟ) ਜੋ ਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਦਿਆਂ ਹਨ।

ਨੋਟ :- ਇਹ ਕੰਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਂਕਿ ਉਹ ਸਹਿਜੇ ਹੀ ਅਪਣਾਂ ਇਤਿਹਾਸ ਜਾਣ ਸਕਣ। ਮੈਂਨੂੰ ਉਮੀਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧੀ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧੀ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।
ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨ੍ਹੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪਣੀਆਂ ਪੜ੍ਹ ਸਕੋਗੇ।
ਕ੍ਰਿਪਾ ਕਰਕੇ ਆਪ ਜੀ ਸਿੱਖ ਮਿਊਜ਼ਿਮ ਤੇ ਜ਼ਰੂਰੀ ਕਲਿਕ ਕਰੋਜੀ।

नोट :-
1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾਂ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बांट सकते हैं।

**Download Free**